

# ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ

ਗ਼ਜ਼ਲ ਸੰਗ੍ਰਹਿ



ਮਾਸਟਰ ਅਮਰੀਕ ਸਿੰਘ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ

ਗ਼ਜ਼ਲ ਸੰਗ੍ਰਿਹ

ਮਾਸਟਰ ਅਮਰੀਕ ਸਿੰਘ

Sri Satguru Jagjit Singh Ji eLibrary NamdhariElibrary@gmail.com

ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ
**Dil Diyan Galan Gazalan Baniyan**

© ਸਭ ਹੱਕ ਲੇਖਕ ਦੇ ਰਾਖਵੇਂ ਹਨ।

ਪਹਿਲੀ ਵਾਰ - ੨੦੧੦

ਲੇਖਕ : ਮਾਸਟਰ ਅਮਰੀਕ ਸਿੰਘ
ਨਵਾਂ ਲਾਲੇਪੁਰ, ਸਬਜ਼ੀ ਮੰਡੀ,
ਐਲਨਾਬਾਦ, ਜ਼ਿਲਾ ਸਿਰਸਾ (ਹਰਿਆਣਾ)

ਸਹਿਯੋਗ : ਨਾਮਧਾਰੀ ਪੰਜਾਬੀ ਸਾਹਿਤ ਸਭਾ,
ਸ੍ਰੀ ਜੀਵਨ ਨਗਰ

ਪ੍ਰਕਾਸ਼ਕ : ਸੰਤ ਤਰਨ ਸਿੰਘ ਵਹਿਮੀ ਸਾਹਿਤ ਪ੍ਰਕਾਸ਼ਨ
ਸ੍ਰੀ ਰਾਮਪੁਰ (ਬੁਢੀਮਾੜੀ) ਸਰਸਾ

ਛਾਪਕ : ਐਲਨਾਬਾਦ ਪ੍ਰਿੰਟਰਜ਼,
ਸ਼ਾਸਤਰੀ ਮਾਰਕੀਟ, ਐਲਨਾਬਾਦ
ਮੋ. 93153 21081

ਟਾਈਪ : ਅਰੁਣ ਕੁਮਾਰ, ਐਲਨਾਬਾਦ

ਮੁੱਲ : 100/- ਰੁਪਏ



Sri Satguru Jagjit Singh Ji eLibrary NamdhariElibrary@gmail.com

# ਸਦਕੇ ਜਾਵਾਂ ਦਿਲੋਂ ਨਿਕਲੀਆਂ ਗ਼ਜ਼ਲਾਂ ਦੇ

ਡਾ. ਦਰਸ਼ਨ ਸਿੰਘ

ਜਦੋਂ ਜ਼ਿੰਦਗੀ ਦਾ ਕਾਰਵਾਂ ਚਲਦਾ ਰਹਿੰਦਾ ਹੈ ਅਤੇ ਸੀਨੇ ਵਿਚ ਦਰਦ ਪਲਦਾ ਰਹਿੰਦਾ ਹੈ ਤਾਂ ਗ਼ਜ਼ਲ ਜਨਮ ਲੈਂਦੀ ਹੈ। ਗ਼ਜ਼ਲਗੋ ਹੋਣ ਮਾਸਟਰ ਅਮਰੀਕ ਸਿੰਘ ਫਿਰ ਦਿਲ ਦੀਆਂ ਗੱਲਾਂ ਗ਼ਜ਼ਲਾਂ ਕਿਵੇਂ ਨਾ ਬਣਨਗੀਆਂ। ਮਾਸਟਰ ਅਮਰੀਕ ਸਿੰਘ ਜੀ ਦੀ ਇਹ ਤੇਰ੍ਹਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਉਹ 'ਪਹਿਲਾ ਉਭਾਰ' 'ਪੰਖੜੀਆਂ', 'ਗਮ ਦੀ ਮਹਿਕ', 'ਦਰਦ ਦਾ ਅਹਿਸਾਸ', 'ਮਿੱਠੀਆਂ ਮਿਰਚਾਂ', 'ਸ਼ਿਅਰਾਂ ਦਾ ਸ਼ੀਰਾਜ਼ਾ', ਸੱਚੀ ਤੇਰੀ ਸਿਫ਼ਤ', 'ਗੁਰ ਗੀਤਾਂਜ਼ਲੀ', ਦੋਹੋਂ ਕੇ ਜ਼ਾਮ', ਬਹਾਰੇ ਗ਼ਜ਼ਲ (ਉਰਦੂ)', 'ਬਹਾਰੇ ਗ਼ਜ਼ਲ (ਹਿੰਦੀ)', ਅਤੇ 'ਜਿਨ ਮਾਰਗ ਦੀਆ ਬਤਾਇ', 'ਖਟ ਮਿਠੀਆਂ ਮੁਸਕਾਨਾਂ' ਸਾਹਿਤ ਜਗਤ ਦੀ ਝੋਲੀ ਵਿਚ ਪਾ ਚੁੱਕੇ ਹਨ।

ਮਾਸਟਰ ਜੀ ਨਾਮਧਾਰੀ ਸੰਪਰਦਾਇ ਦੇ ਸਾਹਿਤ ਦੇ ਅਸਮਾਨ ਵਿਚ ਇਕ ਚਮਕਦੇ ਸਿਤਾਰੇ ਵਾਂਗ ਹਨ। ਸੁਭਾਵਿਕ ਹੀ ਹੈ ਕਿ ਮਾਸਟਰ ਜੀ ਦੀ ਕਲਮ ਵਿਚੋਂ ਜੋ ਕੁਝ ਵੀ ਨਿਕਲੇਗਾ, ਉਹ ਮਾਰਗ ਦਰਸ਼ਕ ਸਾਹਿਤ ਹੋਵੇਗਾ। ਇਸ ਦਾ ਸਬੂਤ ਉਨ੍ਹਾਂ ਦੀ ਹੱਥਲੀ ਪੁਸਤਕ "ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ" ਹੈ। ਉਨ੍ਹਾਂ ਦੇ ਇਸ ਸ਼ਿਅਰ ਤੇ ਗੌਰ ਕਰੋ :-

ਦੂਰ ਹਨੇਰੇ ਕਰਨੇ ਹਨ ਤਾਂ ਮਨ ਦੀ ਜੋਤ ਜਗਾਓ ਯਾਰੋ ।
ਪੈਰ ਪੈਰ ਤੇ ਫਨੀਅਰ ਬੈਠੇ, ਸਭ ਨੂੰ ਮਾਰ ਭਜਾਓ ਯਾਰੋ ।।

ਅੱਜ ਸਮਾਜ ਵਿਚ ਜੋ ਵਾਪਰ ਰਿਹਾ ਹੈ ਉਸ ਤੋਂ ਪੈਰ ਪੈਰ ਤੇ ਬਚਕੇ ਚਲਣ ਦੀ ਜ਼ਰੂਰਤ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਜੇਕਰ ਅਮਲ ਹੈ ਤਾਂ ਇਲਮ ਸਾਰਥਕ ਹੈ ਵਰਨਾ ਬੇਕਾਰ ਹੈ :-

ਅਮਲ ਬਾਝੋਂ ਇਲਮ ਵੀ ਬੇਕਾਰ ਹੈ।
ਪੁਸਤਕਾਂ ਦਾ ਪਿੱਠ ਤੇ ਲੱਦਿਆ ਭਾਰ ਹੈ।।

ਸ਼ਾਇਰ ਨੂੰ ਖ਼ਤਰਾ ਬੇਗਾਨਿਆਂ ਤੋਂ ਨਹੀਂ ਸਗੋਂ ਆਪਣਿਆਂ ਤੋਂ ਹੈ। ਇਹੀ ਸੁਨੇਹਾ ਉਹ ਸਮਾਜ ਨੂੰ ਦੇਕੇ ਖਬਰਦਾਰ ਕਰ ਰਿਹਾ ਹੈ :-

ਮੇਰੇ ਆਪਣੇ ਹੀ ਮਿੱਟੀ ਵਿਚ ਮਿਲਾਣਾ ਚਾਹ ਰਹੇ ਯਾਰੋ।
ਜ਼ਮਾਨੇ ਭਰ ਦੀ ਬਦਨਾਮੀ ਦਿਲਾਣਾ ਚਾਹ ਰਹੇ ਯਾਰੋ ।।

ਸ਼ਾਇਰ ਸਾਫ਼ ਸੁਥਰੀ ਜੀਵਨ ਜਾਚ ਜਿਉਣ ਦਾ ਹਾਮੀ ਹੈ। ਇਸ ਦਾ ਉਹ ਤਰੀਕਾ ਵੀ ਦੱਸਦਾ ਹੈ :-



Sri Satguru Jagjit Singh Ji eLibrary NamdhariElibrary@gmail.com

ਜੀਵਨ ਜਾਚ ਸਿਖਾਓ ਸਭ ਨੂੰ ।
ਘੁੱਟ ਘੁੱਟ ਗਲੇ ਲਗਾਓ ਸਭ ਨੂੰ ।।

ਅੱਜ ਜਦ ਕਿ ਸਾਰੀ ਦੁਨੀਆ ਵਿਚ ਬਾਬਿਆਂ ਦਾ ਬੋਲਬਾਲਾ ਹੈ ਸ਼ਾਇਰ ਆਮ ਲੋਕਾਂ ਨੂੰ ਸਮਝਾ ਰਿਹਾ ਹੈ :-

ਕਿੱਥੋਂ ਰੱਬ ਰਿਹਾ ਹੈਂ ਭਾਲ ।
ਹਰ ਥਾਂ ਮਾਇਆ ਦਾ ਜੰਜਾਲ ।।

ਵਧਦੀ ਜਾ ਰਹੀ ਉਮਰ ਦਾ ਝੋਰਾ ਵੀ ਸ਼ਾਇਰ ਨੂੰ ਸਤਾ ਰਿਹਾ ਹੈ :-

ਜ਼ਿੰਦਗੀ ਦੀ ਸ਼ਾਮ ਹੁੰਦੀ ਜਾ ਰਹੀ ।
ਸੋਚ ਹੀ ਗੁਮਨਾਮ ਹੁੰਦੀ ਜਾ ਰਹੀ ।।

ਸ਼ਾਇਰ ਇਸ ਫਲਸਫੇ ਵਿਚ ਵਿਸ਼ਵਾਸ ਰੱਖਦਾ ਹੈ ਕਿ ਸਫ਼ਲ ਜ਼ਿੰਦਗੀ ਉਸਦੀ ਹੀ ਸਮਝੀ ਜਾਏਗੀ ਜੋ ਕਿਸੇ ਦੂਸਰੇ ਇਨਸਾਨ ਦੇ ਕੰਮ ਆਏਗੀ।

ਜ਼ਿੰਦਗੀ ਉਹ ਸਫਲ ਸਮਝੀ ਜਾਏਗੀ।
ਜੋ ਕਿਸੇ ਇਨਸਾਨ ਦੇ ਕੰਮ ਆਏਗੀ ।।

ਸ਼ਾਇਰ ਨੇ ਆਪਣੀਆਂ ਗ਼ਜ਼ਲਾਂ ਵਿਚ ਮੁਲਤਾਨੀ ਭਾਸ਼ਾ ਦੀ ਗ਼ਜ਼ਲ ਸ਼ਾਮਿਲ ਕਰਕੇ ਇਸ ਗ਼ਜ਼ਲ ਸੰਗ੍ਰਹਿ ਨੂੰ ਇਕ ਰੰਗਦਾਰ ਗ਼ਜ਼ਲ ਸੰਗ੍ਰਹਿ ਬਣਾ ਦਿੱਤਾ ਹੈ :-

ਮੈਂਢਾ ਮਾਹੀ ਰੰਗ ਰੰਗੀਲਾ ਹੇ ।
ਬਹੂੰ ਭੋਲਾ ਬਹੂੰ ਸੁਰਮੀਲਾ ਹੇ ।।

ਮਾਸਟਰ ਜੀ ਅਨੇਕਾਂ ਮਾਨਾ-ਸਨਮਾਨਾ ਨਾਲ ਸਨਮਾਨਿਤ ਸਾਹਿਤਕਾਰ ਹਨ। ਹਰਿਆਣਾ ਸਰਕਾਰ ਨੇ ਰੱਜ ਕੇ ਉਨ੍ਹਾਂ ਦੀ ਕਦਰ ਕੀਤੀ ਹੈ। ਉਨ੍ਹਾਂ ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਵੱਲੋਂ ਜਾਰੀ ਸੰਤ ਤਰਨ ਸਿੰਘ ਵਹਿਮੀ ਯਾਦਗਾਰ ਪੁਰਸਕਾਰ (ਜੋ ਕਿ ਇਕਵੰਜਾ ਹਜ਼ਾਰ ਰੁਪੈ ਨਕਦ ਹੈ।) ਦੇਕੇ ਸਨਮਾਨਿਤ ਕੀਤਾ ਹੈ।

ਸਾਹਿਤ ਜਗਤ ਵਿਚ ਉਨ੍ਹਾਂ ਦੇ ਗ਼ਜ਼ਲ ਸੰਗ੍ਰਹਿ 'ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ" ਦਾ ਭਰਪੂਰ ਸਵਾਗਤ ਹੋਵੇਗਾ ਕਿਉਂਕਿ ਇਸ ਵਿਚ ਜ਼ਿੰਦਗੀ ਦੇ ਤਮਾਮ ਸਰੋਕਾਰਾਂ ਨਾਲ ਸ਼ਾਇਰ ਨੇ ਗੱਲਾਂ ਕੀਤੀਆਂ ਹਨ ਅਤੇ ਸਮਾਜ ਨੂੰ ਸਫਲ ਸੇਧ ਦਿੱਤੀ ਹੈ।

ਮਾਸਟਰ ਜੀ ਨੂੰ ਇਕ ਵਾਰ ਫਿਰ ਵਧਾਈ।

**ਡਾ. ਦਰਸ਼ਨ ਸਿੰਘ**
ਆਪਣੀ ਕੋਠੀ,
ਕੇਲਨਿਆਂ ਰੋਡ, ਸਿਰਸਾ (ਹਰਿ.)
ਮੋ. 098961 08215



Sri Satguru Jagjit Singh Ji eLibrary NamdhariElibrary@gmail.com

# ਤਤਕਰਾ


| | | | | | |
|---|---|---|---|---|---|
| ਆਓ ਯਾਰੋ | 6 | ਲੰਘ ਚੱਲਿਆ ਏ | 39 | ਦੱਸ ਜ਼ਰਾ | 70 |
| ਅਚਾਨਕ ਯਾਦ... | 7 | ਰਾਤ ਬਾਕੀ ਏ | 40 | ਬਰਬਾਦ ਹੈ | 71 |
| ਮਨ ਸਮਝਾਓਗੇ | 8 | ਪਰ ਨ ਆਏ | 41 | ਜ਼ਰੂਰੀ ਏ | 72 |
| ਹੁਣ ਜਾ ਨਾਂ ਯਾਰ | 9 | ਪਿਆਰ ਦੀ ਹੱਦ | 42 | ਟੋਕ ਨ | 73 |
| ਕੁਝ ਧੀਰਜ ਧਾਰ | 10 | ਬਾਝ ਤੇਰੇ | 43 | ਲਹਿਰਾਣ ਦੇ | 74 |
| ਤੂੰ ਹੈਂ ਬਹੁਤ ਅਮੀਰ | 11 | ਮਾਹੀ ਰੰਗ ਰੰਗੀਲਾ | 44 | ਗੁਜ਼ਰਦੀ ਜਾ ਰਹੀ | 75 |
| ਆਵਾਜ਼ ਤੇਰੀ | 12 | ਕਾਰਵਾਂ ਚਲਦਾ ਰਿਹਾ | 45 | ਔਕੜਾ ਅਨਗਿਣਤ | 76 |
| ਦਿਲ ਦੇ ਦਰਵਾਜ਼ੇ | 13 | ਭੁਲ ਨ ਸਾਨੂੰ ਪਾਓਗੇ | 46 | ਠਹਿਰੋ ਜ਼ਰਾ | 77 |
| ਇਲਮ ਵੀ ਬੇਕਾਰ... | 14 | ਗ਼ਜ਼ਲ ਦਾ ਸਾਰ | 47 | ਸ਼ਿੰਗਾਰ ਹੈ | 78 |
| ਕੋਲੋਂ ਲੰਘ ਗਏ | 15 | ਉਮਰ ਭਰ | 48 | ਮੇਰਾ ਮੱਕਾ | 79 |
| ਢਾਹ ਰਹੇ ਯਾਰੋ | 16 | ਵਿਹੜੇ ਵਿਚ | 49 | ਮੇਰੇ ਲਈ | 80 |
| ਐਵੇਂ ਗੁਜ਼ਰਦੀ... | 17 | ਕੰਡਿਆ ਕੋਲ | 50 | ਸਪਨਾਂ | 81 |
| ਕੀ ਲਿਖਾਂ | 18 | ਗੁੱਝੀਆਂ ਰਮਜ਼ਾਂ | 51 | ਯਾਰ ਵੇ | 82 |
| ਦੇਸ ਬਿਗਾਨਾ ਏ | 19 | ਮਹਿਰਮ ਯਾਰ | 52 | ਜਾਨ ਵੀ ਉਸ ਤੋਂ | 83 |
| ਦਿਲ ਦੀ ਦੁਨੀਆ | 20 | ਬਹਿ ਕੇ ਵੇਖ | 53 | ਸੱਜਣ ਸੁਹੇਲੇ | 84 |
| ਆਸਰੇ ਜੀ ਰਹੇ ਹਾਂ | 21 | ਸੁਣੀ ਨ ਯਾਰ | 54 | ਉਹ ਕੀ ਜਾਣੇ | 85 |
| ਇਕ ਫੁੱਲ ਹਾਂ | 22 | ਬੇਬੱਸ ਜਹੀ | 55 | ਅਜ ਦੂਰੋਂ | 86 |
| ਜਾਚਾਂ ਆਈਆਂ ਨੇ | 23 | ਸੱਜਣਾਂ ਪਾਸ | 56 | ਬਦਲੀਏ ਵਿਗੜੇ ਹਾਲਾਤ | 87 |
| ਜੀਵਨ ਜਾਚ | 24 | ਸਮੇਂ ਦਾ ਬੋਲ ਹਾਂ | 57 | ਹੁਣ ਇਤਬਾਰ ਕਰ | 88 |
| ਮਿਲਨ ਅਸਾਂ... | 25 | ਚਿਮਚਿਓ | 58 | ਆਵੀ ਜਾ ਹੁਣ | 89 |
| ਮੇਰੇ ਯਾਰ | 26 | ਕਾਹਦਾ ਕਵੀ ਏ | 59 | ਦੋਸਤਾਂ ਕੀਤਾ ਮੇਰਾ | 90 |
| ਕਿਥੋਂ ਰੱਬ | 27 | ਨਹੀਂ ਅਜਨਬੀ | 60 | ਕਦੀ ਤਾਂ ਅੜਿਆ | 91 |
| ਕਿੱਥੇ ਤੁਰ ਗਏ ਨੇ | 28 | ਪਾਰਸ ਨ ਹੋਇਆ | 61 | ਦੁਖ ਦੀ ਗੱਲ ਹੈ | 92 |
| ਜਗ ਹਰਜਾਈ ਏ | 29 | ਫੁੱਲ ਗੁਲਾਬ | 62 | ਬੁਝਾ ਦੇ ਪਿਆਸ | 93 |
| ਸ਼ਾਮ ਹੁੰਦੀ ਜਾ... | 30 | ਧਰਤੀਓਂ ਉੱਚਾ | 63 | ਜੂਨ ਅਸਾਡੀ | 94 |
| ਕੀ ਆਖਾਂ | 31 | ਸ਼ਹਿਰ ਕਿੰਜ ਆਵਾਂ | 64 | ਕਿਓ ਹੈ ਬੂਹਾ ਢੋਇਆ | 95 |
| ਕੀਤਾ ਯਾਦ | 33 | ਕੀਹ ਆਏ | 65 | ਸੀਨਾ ਚੀਰ ਵਖਾਈਏ | 96 |
| ਕਦੇ ਰੁਕਦਾ ਨਹੀਂ | 34 | ਕਹਿ ਜਾਂਦੇ | 66 | ਪੜੀ ਪੰਚਾਇਤ | 97 |
| ਤੁਰ ਜਾਣਾ ਏ | 35 | ਬੜੀ ਦੂਰ ਤੋਂ | 67 | ਜ਼ਿੰਦਗੀ ਉਹ ਸਫਲ | 98 |
| ਅਜੇ ਅਧੂਰੀ | 36 | ਕੋਲ ਰਹਿੰਦੇ ਨੇ | 68 | ਅਸੀਂ ਹੁਣ ਕੀ ਕਰੀਏ | 99 |
| ਦਰਦ ਦਾ ਦਾਰੂ | 37 | ਦਿਨ ਹੈ ਚੜ੍ਹਦਾ | 69 | ਜਿਹੜਾ ਫੁਲ ਮੁਸਕਾਂਦਾ. | 100 |
| ਘੁੰਡੀ ਦਿਲਾਂ ਦੀ | 38 | | | | |




Sri Satguru Jagjit Singh Ji eLibrary NamdhariElibrary@gmail.com

# "ਆਓ ਯਾਰੋ"

ਸੁਰਤ ਹੋਸ਼ ਵਿਚ ਆਓ ਯਾਰੋ , ਅਪਣਾਂ ਆਪ ਬਚਾਓ ਯਾਰੋ,
ਚਾਲਾਕਾਂ ਦੇ ਹੱਥੇ ਚੜ੍ਹ ਕੇ, ਅਪਣੇ ਭੁਲ ਨ ਜਾਓ ਯਾਰੋ ।

ਦੂਰ ਹਨੇਰੇ ਕਰਨੇ ਹਨ ਤਾਂ, ਮਨ ਦੀ ਜੋਤ ਜਗਾਓ ਯਾਰੋ,
ਪੈਰ ਪੈਰ ਤੇ ਫਨੀਆਰ ਬੈਠੇ, ਸਭ ਨੂੰ ਮਾਰ ਭਜਾਓ ਯਾਰੋ ।।

ਖੁਰਵੀਆਂ ਸੁਣ-ਸੁਣ ਕੇ ਕੰਨ ਰੀਣੇ, ਮਿੱਠੜੇ ਬੋਲ ਸੁਨਾਓ ਯਾਰੋ,
ਇਤਹਾਸਾਂ ਦੇ ਪੰਨਿਆਂ ਉੱਤੇ, ਡੂੰਘੀ ਛਾਪ ਲਗਾਓ ਯਾਰੋ ।

ਮਨ ਦੀ ਸ਼ਮਾਂ ਜੇ ਜਗਦੀ ਰੱਖਣੀ, ਤਨ ਦਾ ਤੇਲ ਚੁਆਓ ਯਾਰੋ,
ਏਥੇ ਹੀ ਜੇ ਜੰਨਤ ਲੋੜੋ, ਨਫ਼ਰਤ ਗੰਦ ਹਟਾਓ ਯਾਰੋ ।।

ਰਾਤ ਅਜੋਹੀ ਕਦ ਆਵੇਗੀ, ਅਜ ਹੀ ਰੰਗ ਜਮਾਓ ਯਾਰੋ,
ਕਲ ਦੀ ਸੋਚ ਕੇ ਅਜ ਮਰੋ ਨਾਂ, ਅਜ ਹੁਸੀਨ ਬਨਾਓ ਯਾਰੋ ।

ਕੁਝ ਵੀ ਨਹੀਂ ਜੇ ਲਿਖ ਸਕਦੇ ਤਾਂ, ਆਲੋਚਕ ਕਹਿਲਾਓ ਯਾਰੋ,
ਕਿਓਂ ਫਿਰਦੇ ਹੋ ਬਿਖਰੇ ਬਿਖਰੇ, ਦੂਰ ਇਹ ਕਰੋ ਤਨਾਓ ਯਾਰੋ ।।

ਜ਼ੁਲਮ ਦੇ ਮੂਹਰੇ ਮਿਟ ਜਾਓ ਪਰ, ਕਦੇ ਨ ਧੌਣ ਝੁਕਾਓ ਯਾਰੋ,
ਕਬਰਾਂ ਚੋਂ ਕਿਸੇ ਨਹੀਂ ਬੋਲਣਾ, ਕਿਤਨਾਂ ਸ਼ੋਰ ਮਚਾਓ ਯਾਰੋ ।

ਸਕਦੇ ਮੇਲ ਨਹੀਂ ਜੇ ਵਿੱਛੜੇ, ਪਾੜ ਨ ਹੋਰ ਵਧਾਓ ਯਾਰੋ,
ਕਹਿ ਦੇਵੋ "ਅਮਰੀਕ" ਜਿਹਾਂ ਨੂੰ, ਕੁਝ ਤਾਂ ਫਰਜ਼ ਨਿਭਾਓ ਯਾਰੋ ।।



Sri Satguru Jagjit Singh Ji eLibrary NamdhariElibrary@gmail.com

# "ਅਚਾਨਕ ਯਾਦ ਕੀਤਾ ਏ"

ਕਿਸੇ ਪਿਆਰੇ ਨੇ ਅਜ ਮੈਨੂੰ ਅਚਾਨਕ ਯਾਦ ਕੀਤਾ ਏ,
ਮੇਰੀ ਵੀਰਾਨ ਦੁਨੀਆ ਨੂੰ ਕਿਸੇ ਆਬਾਦ ਕੀਤਾ ਏ ।

ਹਨੇਰੇ ਵਿਚ ਜਿਵੇਂ ਕਿਰਨਾਂ ਦਾ ਛੱਟਾ ਦੇ ਗਿਆ ਕੋਈ,
ਮਨੁੱਵਰ ਕਰਨ ਲਈ ਤਨ ਮਨ ਕਿਸੇ ਨੇ ਆਦਿ ਕੀਤਾ ਏ ।।

ਮੇਰੇ ਹਰ ਅੰਗ ਨੂੰ ਬੰਧਨ ਗ਼ਮਾਂ ਦੇ ਨੇ ਜਕੜਿਆ ਸੀ,
ਇਹ ਕਿਸ ਨੇ ਗ਼ਮ ਖੁਸ਼ੀ ਵਿਚ ਬਦਲ ਕੇ ਆਜ਼ਾਦ ਕੀਤਾ ਏ ।

ਮੇਰੇ ਆਪੇ ਦੀਆਂ ਗਲੀਆਂ ਉਦਾਸੀ ਨਾਲ ਸਨ ਭਰੀਆਂ,
ਕਿਸੇ ਦੇ ਇਕ ਸੁਨੇਹੇ ਨੇ ਚੌਗਿਰਦਾ ਸ਼ਾਦ ਕੀਤਾ ਏ ।।

ਮੈਂ ਕੌੜੇ ਬੋਲ ਸੁਣ-ਸੁਣ ਕੇ ਕੁੜਿਤਣ ਨਾਲ ਸਾਂ ਭਰਿਆ,
ਕਿ ਉਸ ਦੇ ਖ਼ਤ ਨੇ ਹਰ ਪਾਸਾ ਸੁਆਦੋ ਸੁਆਦ ਕੀਤਾ ਏ।

ਕਰਾਂ ਕੀਹ ਸਿਫ਼ਤ ਮੈਂ ਉਸਦੀ ਉਹ ਹਰ ਸਿਫ਼ਤੋਂ ਉਚੇਰਾ ਏ,
ਕਿ ਦੋ ਅੱਖਰਾਂ ਨੇ ਹੀ ਸਰਸ਼ਾਰ ਤੇ ਵਿਸਮਾਦ ਕੀਤਾ ਏ।।

ਮੇਰੇ ਤੇ ਮਸਤੀਆਂ ਵੱਸੀਆਂ ਅਚਾਨਕ ਆਸਮਾਨਾਂ ਤੋਂ,
ਮੈਂ ਕੀਹ ਆਖਾਂ ਜ਼ਮਾਨੇ ਨੂੰ ਕਿ ਜਿਸ ਬਰਬਾਦ ਕੀਤਾ ਏ ।

ਅਧੂਰੀ ਜ਼ਿੰਦਗੀ "ਅਮਰੀਕ" ਦੀ ਪੂਰੀ ਬਣੀ ਜਾਪੇ,
ਜਦੋਂ ਉਸ ਖ਼ਾਬ ਵਿਚ ਸੱਜਣ ਦੇ ਸੰਗ ਸੰਵਾਦ ਕੀਤਾ ਏ ।।



Sri Satguru Jagjit Singh Ji eLibrary NamdhariElibrary@gmail.com

# "ਮਨ ਸਮਝਾਓਗੇ"

ਬੈਠ ਕੇ ਕਿਤਨਾਂ ਵੀ ਮਨ ਸਮਝਾਓਗੇ।
ਪਰ ਹਕੀਕਤ ਨੂੰ ਕਿਵੇਂ ਝੁਠਲਾਓਗੇ ।

ਵਕਤ ਦੀ ਮਰਹਮ ਤਾਂ ਭਰ ਦੇਵੇ ਜ਼ਖਮ,
ਪਰ ਨਿਸ਼ਾਂ ਡੂੰਘੇ ਮਿਟਾ ਨ ਪਾਓਗੇ ।।

ਉਮਰ ਭਰ ਦੀ ਘਾਲ ਦਾ ਸਾਰਾ ਸਿਲ੍ਹਾ,
ਕੌਣ ਦੇਂਦੈ? ਮੰਗ ਕੇ ਸ਼ਰਮਾਓਗੇ ।।

ਪੱਥਰਾਂ ਮੂਹਰੇ ਨ ਕਲੀਆਂ ਭੇਟ ਕਰ,
ਵੇਖ ਮੁਰਝਾਈਆਂ ਨੂੰ ਖ਼ੁਦ ਮੁਰਝਾਓਗੇ ।

ਉਸ ਵਫ਼ਾ ਦਾ ਜ਼ਿਕਰ ਨ ਕਰਿਆ ਕਰੋ,
ਨਿਭ ਨ ਪਾਈ ਯਾਦ ਕਰ ਪਛਤਾਓਗੇ ।

ਖ਼ੁਦ ਹਨੇਰੇ ਵਿਚ ਜੋ ਫਿਰਦੇ ਭਟਕਦੇ,
ਅਪਣੀ ਰਾਹ ਉਹਨਾਂ ਤੋਂ ਕਿੰਜ ਰੁਸ਼ਨਾਓਗੇ ।

ਪਿਆਰ ਹੀ ਕੀਤੈ ਗੁਨਾਹ ਕੀ ਕਰ ਲਿਆ ?
ਭੁੱਲ ਅਸਾਡੀ ਰੱਬ ਤੋਂ ਕੀਹ ਬਖਸ਼ਾਓਗੇ ।।

ਖੂਹ ਹੀ ਨੇ ਅਜ ਪਾਣੀਆਂ ਨੂੰ ਤਰਸਦੇ,
ਪਿਆਸਿਓ ਰੂਹਾਂ ਕਿਵੇਂ ਤ੍ਰਿਪਤਾਓਗੇ ।।

ਸਾਥ ਇਤਨਾਂ ਹੀ ਸੀ "ਅਮਰੀਕ" ਦਾ,
ਟੁੱਟ ਚੁੱਕੇ ਸ਼ੀਸ਼ੇ ਕਿਵੇਂ ਜੁੜਵਾਓਗੇ ।।



Sri Satguru Jagjit Singh Ji eLibrary NamdhariElibrary@gmail.com

# "ਹੁਣ ਜਾ ਨਾਂ ਯਾਰ"

ਛੱਡ ਸਾਨੂੰ ਹੁਣ ਜਾ ਨਾਂ ਯਾਰ ।
ਰੰਗ ਵਿਚ ਭੰਗ ਹੁਣ ਪਾ ਨਾਂ ਯਾਰ ।।

ਬਾਝ ਤੇਰੇ ਹੁਣ ਜੀ ਨਹੀਂ ਸੱਕਣਾ, ਜ਼ਹਿਰ ਸਾਹਾਂ ਦਾ ਪੀ ਨਹੀਂ ਸੱਕਣਾਂ,
ਪਾਟ ਗਿਆ ਦਿਲ ਸੀ ਨਹੀਂ ਸੱਕਣਾ, ਮੈਂ ਵਲ ਪਿੱਠ ਭੁਆ ਨਾਂ ਯਾਰ ।

ਤੂੰ ਹੋਵੇਂ ਤਾਂ ਸਭ ਜੱਗ ਮੇਰਾ, ਚਾ ਜਾਂਦੇ ਨੇ ਸਭ ਦੂਖ ਡੇਰਾ,
ਸ਼ਾਮ ਨ ਹੋਵੇ ਰਹੇ ਸਵੇਰਾ, ਵਿੱਛੜ ਕੇ ਤੜਪਾ ਨਾਂ ਯਾਰ ।।

ਚਾਰ ਦਿਨਾਂ ਦੀ ਬਾਤ ਹੈ ਸਾਰੀ, ਹੋਣੀ ਏ ਫਿਰ ਦੂਰ ਤਿਆਰੀ,
ਰਹਿਣਾਂ ਸਫ਼ਰ ਇਹ ਕੁਝ ਦਿਨ ਜਾਰੀ, ਸਮੇਂ ਦੀ ਕਦਰ ਗਵਾ ਨਾ ਯਾਰ ।

ਅਖੀਆਂ ਵਿਚ ਹੈ ਤੇਰਾ ਚਿਹਰਾ, ਯਾਦ ਤੇਰੀ ਦਾ ਦਿਲ ਤੇ ਪਹਿਰਾ,
ਮਨ ਤੇ ਜ਼ਖ਼ਮ ਹਿਜਰਦਾ ਗਹਿਰਾ, ਡੂੰਘਾ ਹੋਰ ਕਰਾ ਨਾਂ ਯਾਰ ।।

ਤੂੰ ਮੇਰੇ ਲਈ ਜਗ ਤੋਂ ਉੱਚਾ, ਲਗਦੈਂ ਸੋਨੇ ਜਿਹਾ ਸਮੁੱਚਾ,
ਝੂਠੇ ਜਗ ਵਿਚ ਤੂੰ ਹੀ ਸੁੱਚਾ, ਨਜ਼ਰ ਤੂੰ ਕਦੇ ਚੁਰਾ ਨਾਂ ਯਾਰ ।।

ਸੌ-ਸੌ ਤੇਰੇ ਨਾਜ਼ ਉਠਾਵਾਂ, ਬਿਨ ਤੇਰੇ ਮੈਂ ਕਿੱਧਰ ਜਾਵਾਂ,
ਕਿਸ ਨੂੰ ਦਿਲ ਦਾ ਹਾਲ ਸੁਨਾਵਾਂ, ਕਦੇ ਵੀ ਦਿਲੋਂ ਭੁਲਾ ਨਾ ਯਾਰ ।

ਤੇਰਾ ਹੈ "ਅਮਰੀਕ" ਦੀਵਾਨਾਂ, ਇਸ ਦਾ ਕਿਹੜਾ ਹੋਰ ਠਿਕਾਨਾਂ,
ਸੜਦਾ ਏ ਤਾਂ ਸੜੇ ਜ਼ਮਾਨਾਂ, ਕਦੇ ਵੀ ਮੁਖ ਪਰਤਾ ਨਾਂ ਯਾਰ ।।



Sri Satguru Jagjit Singh Ji eLibrary NamdhariElibrary@gmail.com

# "ਕੁਝ ਧੀਰਜ ਧਾਰ"

ਕਿਉਂ ਬੈਠਾ ਹੈ ਧੌਣ ਝੁਕਾਈ, ਮਨ ਮੇਰੇ ਕੁਝ ਧੀਰਜ਼ ਧਾਰ,
ਮੰਝ ਧਾਰਾਂ ਤੂਫਾਨਾਂ ਵਿਚੋਂ ਹੋ ਜਾਏਗਾ ਬੇੜਾ ਪਾਰ ।

ਪੈਂਡਾ ਬਾਕੀ ਅਜੇ ਬਥੇਰਾ, ਪਾਰ ਝਨਾਓਂ ਯਾਰ ਦਾ ਡੇਰਾ,
ਅੱਧੀ ਰਾਤ ਤੇ ਘੁੱਪ ਹਨੇਰਾ, ਹੁਣੇ ਹੀ ਬੇਠੈਂ ਹਿੰਮਤ ਹਾਰ ।।

ਹਿਮੰਤਾਂ ਵਾਲੇ ਹਰਨ ਨਾਂ ਸੋਚਣ ਮੰਨਜ਼ਲ ਤੇ ਪੁੱਜਣਾ ਹੀ ਲੋਚਣ,
ਧੁਰੋਂ ਆਫ਼ਤਾਂ ਆਈਆਂ ਬੋਚਣ, ਅੜਚਣਾਂ ਭਾਵੇਂ ਆਉਣ ਹਜ਼ਾਰ ।

ਕੀਹ ਹੋਇਆ ਜੇ ਘੜਾ ਏ ਕੱਚਾ, ਪਿਆਰ ਤੇਰਾ ਏ ਅਸਲੋਂ ਸੱਚਾ,
ਜਾਣਦਾ ਏ ਅਜ ਬੱਚਾ ਬੱਚਾ, ਪਾਰ ਉਡੀਕ ਰਿਹਾ ਏ ਯਾਰ ।।

ਬੁਜ਼ਦਿਲ ਨੇ ਮੈਦਾਨੋਂ ਭੱਜਦੇ, ਹਿੰਮਤਾਂ ਵਾਲੇ ਹੀਰੋ ਅੱਜ ਦੇ,
ਉਹਨਾਂ ਸਿਰ ਹੀ ਤਾਜ ਨੇ ਸੱਜਦੇ, ਬਣਦੇ ਨੇ ਓਹੀ ਸਰਦਾਰ ।

ਲੋਕ ਉਹਨਾਂ ਦੀਆਂ ਵਾਰਾ ਗਾਂਦੇ, ਸਿਰਾਂ ਦੇ ਨਾਲ ਜੋ ਤੋੜ ਨਿਭਾਂਦੇ,
ਮਰਦੇ ਨੇ ਜਾਂ ਮਾਰ ਮੁਕਾਂਦੇ, ਹੈ "ਅਮਰੀਕ" ਦਾ ਸਹੀ ਵਿਚਾਰ ।।



Sri Satguru Jagjit Singh Ji eLibrary NamdhariElibrary@gmail.com

# "ਤੂੰ ਹੈਂ ਬਹੁਤ ਅਮੀਰ"

ਮੰਨਿਆਂ ਤੂੰ ਹੈ ਬਹੁਤ ਅਮੀਰ,
ਐਪਰ ਨੀਵੀਂ ਬਹੁਤ ਜ਼ਮੀਰ ।

ਲਾਲਚ ਵੱਸ ਹੋ ਟੱਪ ਜਾਨਾਂ ਏ,
ਮਾਨੁਖਤਾ ਦੀ ਲਾਲ ਲਕੀਰ ।।

ਅਪਣਾਂ ਆਪ ਸੁਧਾਰਨ ਖ਼ਾਤਰ,
ਕੋਈ ਤਾਂ ਕਰਿਆ ਕਰ ਤਦਬੀਰ ।

ਉਸ ਦੇ ਬਾਰੇ ਵੀ ਕੁਝ ਸੋਚੀਂ,
ਜਿਸ ਦੀ ਤੇਰੇ ਹੱਥ ਤਕਦੀਰ ।।

ਕਹਿਣ ਵਾਲਿਆਂ ਕਹਿੰਦੇ ਰਹਿਣੈ,
ਮਨਾਂ ਤੂੰ ਕਿਓਂ ਹੋਇਆ ਦਿਲਗੀਰ ।

ਕੀਹ ਹੋਇਆ ਉਚ ਪਦਵੀ ਪਾਈ,
ਦੂਜੇ ਨੂੰ ਨ ਸਮਝ ਹਕੀਰ ।।

ਬਾਹੂ ਬਲ ਤੇ ਮਾਨ ਹੈ ਕਾਹਦਾ,
ਸਭ ਕੁਝ ਹੋਣੈ ਨਾਸ ਅਖੀਰ ।

ਹੋਇਆ ਏ "ਅਮਰੀਕ" ਦੀਵਾਨਾ,
ਕਿਸੇ ਪਾਸਿਓਂ ਮਿਲੇ ਨਾ ਧੀਰ ।।



Sri Satguru Jagjit Singh Ji eLibrary NamdhariElibrary@gmail.com

# "ਆਵਾਜ਼ ਤੇਰੀ"

ਹਰ ਸਮੇਂ ਆਵਾਜ਼ ਤੇਰੀ ਤਨ ਮੇਰੇ ਚੋਂ ਆ ਰਹੀ,
ਮਹਿਕ ਤੇਰੀ ਤਨ ਬਦਨ ਮੇਰੇ ਨੂੰ ਹੈ ਮਹਿਕਾ ਰਹੀ ।

ਮੇਰੇ ਹਰ ਸਪਨੇ ਦੀ ਬੱਸ ਤਾਬੀਰ ਇਕ ਤੂੰ ਹੀ ਤਾਂ ਹੈ,
ਹਰ ਘੜੀ ਰਗ ਰਗ ਮੇਰੀ ਬੱਸ ਗੀਤ ਤੇਰੇ ਗਾ ਰਹੀ ।।

ਤੇਰੀਆਂ ਛੋਹਾਂ ਨੇ ਅੰਗ ਅੰਗ ਹੈ ਨਚਾਇਆ ਇਸ ਤਰਾਂ,
ਹੋ ਰਿਹਾ ਮਖ਼ਮੂਰ ਮਸਤੀ ਅਜ ਨ ਸਾਂਭੀ ਜਾ ਰਹੀ ।

ਨਜ਼ਰ ਮੇਰੀ ਵਿਚ ਤੇਰੀ ਤਸਵੀਰ ਹਰ ਪਲ ਝਲਕਦੀ,
ਜਿਸ ਤਰਫ ਵੀ ਦੇਖਦਾਂ ਇਕ ਨੂਰ ਹੈ ਬਰਸਾ ਰਹੀ ।।

ਤੂੰ ਮੇਰੇ ਹਾਲਾਤ ਤੇ ਕੀਤੀ ਏ ਇਕ ਜਾਦੂ ਗਰੀ,
ਹੋ ਰਿਹਾਂ ਮਧਹੋਸ਼ ਮੇਰੀ ਹੋਸ਼ ਹੈ ਘਬਰਾ ਰਹੀ ।

ਦਿਲ ਦੀਆਂ ਗੱਲਾਂ ਤੇਰੇ ਬਿਨ ਦੱਸ ਕਰਾਂ ਕਿਸ ਨਾਲ ਮੈਂ,
ਅਕਲ ਮੇਰੀ ਰਾਜ਼ ਤੇਰੇ ਦਿਲ ਦਾ ਕਦ ਹੈ ਪਾ ਰਹੀ ।।

ਕੌਣ ਹੈ ਤੇਰੇ ਬਿਨਾਂ ਮੇਰੀ ਤਸੱਲੀ ਜੋ ਕਰੇ,
ਇਹ ਹੀ ਮਜਬੂਰੀ ਤਾਂ ਬੱਸ "ਅਮਰੀਕ" ਨੂੰ ਹੈ ਖਾ ਰਹੀ ।।



Sri Satguru Jagjit Singh Ji eLibrary NamdhariElibrary@gmail.com

# "ਦਿਲ ਦੇ ਦਰਵਾਜ਼ੇ"

ਦਿਲ ਦੇ ਦਰਵਾਜ਼ੇ ਜੋ ਖੁਲ੍ਹੇ ਰੱਖਦਾ,
ਰੱਬ ਵੀ ਓਸੇ ਦੇ ਹੁੰਦਾ ਪੱਖਦਾ ।

ਜਾਨ ਦੀ ਬਾਜ਼ੀ ਲਾ ਉੱਚਾ ਜੋ ਚੜ੍ਹੇ,
ਸੁਆਦ ਮਿੱਠੇ ਫਲ ਦਾ ਓਹ ਹੀ ਚੱਖ ਦਾ।।

ਬੰਦਾ ਜੋ ਬੰਦੇ ਦੇ ਕੰਮ ਆਉਂਦਾ ਨਹੀਂ,
ਲੱਖ ਦਾ ਹੋ ਕੇ ਵੀ ਉਹ ਨਹੀਂ ਕੱਖ ਦਾ।

ਲਗਨ ਜੋ ਰਖਦੈ ਵਸਾਲੇ ਯਾਰ ਦੀ,
ਉਸ ਦਾ ਸੀਨਾ ਵਾਂਗ ਭੱਠੀ ਭੱਖ ਦਾ।

ਸੁੰਦਰਤਾ ਬਾਹਰ ਦੀ ਕਿਹੜੇ ਕੰਮ ਹੈ,
ਅੰਦਰੋਂ ਕੋਝੈ ਕੀ ਫ਼ੈਦਾ ਦੱਖ ਦਾ ।।

ਯਾਰ ਨੇ ਛੋਹਿਆ ਜਦੋਂ ਤਨ ਮਨ ਮੇਰਾ,
ਕਸਮ ਹੈ ਹੋਇਆ ਹਾਂ ਕੱਖੋਂ ਲੱਖ ਦਾ ।

ਗ਼ਮ ਜ਼ਦਾ ਮੈਂ ਹਾਂ ਮਗਰ ਤੂੰ ਵੀ ਤਾਂ ਹੈ,
ਇਹ ਪੁਆੜਾ ਸਭ ਹੈ ਵੱਖੋ ਵੱਖ ਦਾ ।।

ਕਰ ਗਈ ਘਾਇਲ ਜੋ ਚੰਗੇ ਭਲੇ ਨੂੰ,
ਕੀਹ ਕਰਾਂ "ਅਮਰੀਕ" ਉਸਦੀ ਅੱਖ ਦਾ ।।



Sri Satguru Jagjit Singh Ji eLibrary NamdhariElibrary@gmail.com

# "ਇਲਮ ਵੀ ਬੇਕਾਰ ਹੈ"

ਅਮਲ ਬਾਝੋਂ ਇਲਮ ਵੀ ਬੇਕਾਰ ਹੈ,
ਪੁਸਤਕਾਂ ਦਾ ਪਿੱਠ ਤੇ ਲੱਦਿਆ ਭਾਰ ਹੈ ।

ਫੁੱਲ ਸੁੰਦਰ ਹੈ ਤੇ ਵਿਚ ਖੁਸ਼ਬੂ ਨਹੀਂ,
ਮਹਿਕ ਹੀ ਫੁੱਲ ਦਾ ਅਸਲ ਸ਼ੰਗਾਰ ਹੈ ।।

ਛੱਤ ਜੇ ਚੋਂਦੀ ਏ ਵਰਖਾ ਆਓਣ ਤੇ,
ਲਾਭ ਕੀਹ ਪੱਕੀ ਜੇ ਹਰ ਦੀਵਾਰ ਹੈ ।

ਜੀਣ ਦਾ ਕੀਹ ਹੱਕ ਉਸ ਇਨਸਾਨ ਨੂੰ,
ਜਿਸ ਦੇ ਹੱਥੋਂ ਹਰ ਕੋਈ ਬੇਜ਼ਾਰ ਹੈ ।।

ਹੈ ਮੁਜੱਸਮਾਂ ਹੁਸਨ ਦਾ ਜੇ ਨਹੀਂ ਵਫ਼ਾ,
ਫੁੱਲ ਬਿਨਾਂ ਕੰਡਿਆਂ ਭਰੀ ਗੁਲਜ਼ਾਰ ਹੈ ।

ਜੋ ਨਦੀ ਸਿੰਜੇ ਨ ਰੇਗਿਸਤਾਨ ਨੂੰ,
ਕੀਹ ਕਰੇ ਜੇ ਬਿਫਰਦੀ ਹਰ ਵਾਰ ਹੈ ।।

ਵਿਚ ਮੁਸੀਬਤ ਜੋ ਦਗ਼ਾ ਦੇ ਜਾਏਗਾ,
ਉਸ ਨੂੰ ਦੁਸ਼ਮਨ ਜਾਣ-ਕਾਹਦਾ ਯਾਰ ਹੈ।

ਜੋ ਗਵੱਈਆ ਪੱਕਾ ਨਹੀਂ ਸੁਰਤਾਲ ਦਾ,
ਉਸ ਦਾ ਨ ਹੈ ਸੁਆਦ ਨ ਆਧਾਰ ਹੈ ।।

ਗੁਣ ਨਹੀਂ "ਅਮਰੀਕ" ਵਿਚ ਜੇ ਕੋਈ ਵੀ,
ਉਹ ਹਨੇਰੀ ਇਕ ਤਰ੍ਹਾਂ ਦੀ ਗ਼ਾਰ ਹੈ ।।



Sri Satguru Jagjit Singh Ji eLibrary NamdhariElibrary@gmail.com

# "ਕੋਲੋਂ ਲੰਘ ਗਏ"

ਇਕ ਅਦਾ ਦੇ ਨਾਲ ਕੋਲੋਂ ਲੰਘ ਗਏ,
ਦੂਰ ਜਾ ਕੇ ਨਿੱਕਾ ਨਿੱਕਾ ਖੰਘ ਗਏ ।

ਇਹ ਵੀ ਇਕ ਵੱਖਰਾ ਜਿਹਾ ਅੰਦਾਜ਼ ਹੈ,
ਕੁਝ ਸੀ ਕਹਿਣਾ ਚਾਹ ਰਹੇ ਪਰ ਸੰਗ ਗਏ।।

ਮੁਸਕਰਾ ਕੇ ਬੁਲ੍ਹੀਆਂ ਨੂੰ ਘੁੱਟ ਲਿਆ,
ਇਹ ਹੀ ਨਖ਼ਰੇ ਤਾਂ ਅਸਾਨੂੰ ਡੰਗ ਗਏ ।

ਰਾਜ਼ ਕਿਸ ਨੂੰ ਦੱਸੀਏ ਬਿਨ ਆਪ ਦੇ,
ਪਰ ਤੁਸਾਂ ਦੇ ਬਦਲ ਸਾਰੇ ਢੰਗ ਗਏ ।।

ਚੁੱਪ ਤੁਸਾਂ ਦੀ ਵੇਖ ਧੋਖਾ ਖਾ ਲਿਆ,
ਅਲ ਖ਼ਾਮੋਸ਼ੀ ਤੋਂ ਅਸੀਂ ਹੋ ਦੰਗ ਗਏ ।

ਅਜ ਅਸਾਨੂੰ ਨਾਂਹ ਦਾ ਸੁਨਿਹਾ ਘੱਲ ਕੇ,
"ਅਮਰੀਕ" ਦਾ ਦਿਲ ਤੋੜ ਵਾਂਗੂ ਵੰਗ ਗਏ ।।



Sri Satguru Jagjit Singh Ji eLibrary NamdhariElibrary@gmail.com

# "ਢਾਹ ਰਹੇ ਯਾਰੋ"

ਮੇਰੇ ਅਪਣੇ ਹੀ ਮਿੱਟੀ ਵਿਚ ਮਿਲਾਣਾ ਚਾਹ ਰਹੇ ਯਾਰੋ,
ਜ਼ਮਾਨੇ ਭਰ ਦੀ ਬਦਨਾਮੀ ਦਿਲਾਣਾਂ ਚਾਹ ਰਹੇ ਯਾਰੋ ।

ਇਹ ਕੈਸੇ ਲੋਕ ਨੇ ਜੋ ਤੁੱਲ ਗਏ ਮੈਨੂੰ ਮਿਟਾਵਣ ਤੇ,
ਖੁਰਾ ਤੇ ਖੋਜ ਦੁਨੀਆ ਤੋਂ ਮਿਟਾਣਾਂ ਚਾਹ ਰਹੇ ਯਾਰੋ ।

ਬਜਾਏ ਕਰਨ ਹਮਦਰਦੀ, ਸਗੋਂ ਹਰਦਮ ਚਿੜਾਂਦੇ ਨੇ,
ਮੇਰੇ ਜਜ਼ਬਾਤ ਨੂੰ ਬਿਲਕੁਲ ਦਬਾਣਾਂ ਚਾਹ ਰਹੇ ਯਾਰੋ ।।

ਮੈਂ ਅਪਣੇ ਦੁਸਮਣਾਂ ਦਾ ਟਾਕਰਾ ਤਾਂ ਜਾਣਦਾਂ ਕਰਨਾਂ,
ਮਗਰ ਅਪਣੇ ਹੀ ਹਰ ਹੀਲੇ ਹਰਾਣਾਂ ਚਾਹ ਰਹੇ ਯਾਰੋ।

ਕੋਈ ਕਿਤਨਾਂ ਕੁ ਸਹਿ ਸਕਦੈ ਦਬਾ ਇਹਨਾਂ ਦਾ ਨਾਜਾਇਜ਼,
ਸਬਰ ਮੇਰੇ ਦੀ ਹੱਦ ਨੂੰ ਹੱਥ ਲਗਾਣਾਂ ਚਾਹ ਰਹੇ ਯਾਰੋ ।।

ਕਰਾਂ ਕੀਕਰ ਬਿਆਂ ਕਿੰਨੀ ਕੁ ਮੇਰੀ ਜਾਨ ਔਖੀ ਏ,
ਦਿਨੋ ਦਿਨ ਹੋਰ ਦੁੱਖਾਂ ਨੂੰ ਵਧਾਣਾਂ ਚਾਹ ਰਹੇ ਯਾਰੋ ।

ਮੇਰੀ ਹਰ ਰਾਹ ਤੇ ਵੇਖੋ ਅਜ ਖੜੇ ਨੇ ਬੰਨ੍ਹ ਕਤਾਰਾਂ ਉਹ,
ਪਤਾ ਨਹੀਂ ਕਿਸ ਤਰਫ਼ ਮੈਨੂੰ ਭਜਾਣਾਂ ਚਾਹ ਰਹੇ ਯਾਰੋ ।।

ਮੈਂ ਕਿਸ ਨੂੰ ਹਾਲੇ ਦਿਲ ਦੱਸਾਂ ਕੋਈ ਹਮਦਰਦ ਨਹੀਂ ਦਿੱਸਦਾ,
ਜੋ ਮਿਲਦੇ ਨੇ ਉਹ ਮੈਨੂੰ ਹੀ ਮੁਕਾਣਾਂ ਚਾਹ ਰਹੇ ਯਾਰੋ ।

ਅਸੂਲਾਂ ਦੀ ਜੋ ਗੱਲ ਕਰਦੇ ਉਹ ਖ਼ੁਦ ਹੀ ਬੇਅਸੂਲੇ ਨੇ,
ਸਬਕ ਮੈਨੂੰ ਅਸੂਲਾਂ ਦਾ ਪੜ੍ਹਾਣਾ ਚਾਹ ਰਹੇ ਯਾਰੋ ।।

ਤੂੰ ਐ "ਅਮਰੀਕ" ਛਟਿਆ ਰਹੁ ਸਦਾ ਅਪਣੇ ਅਸੂਲਾਂ ਤੇ,
ਇਹ ਹਿੱਲ ਜਾਵਨਗੇ ਤੈਨੂੰ ਜੋ ਹਿਲਾਣਾਂ ਚਾਹ ਰਹੇ ਯਾਰੋ ।।



Sri Satguru Jagjit Singh Ji eLibrary NamdhariElibrary@gmail.com

# "ਐਵੇਂ ਗੁਜ਼ਰਦੀ ਜਾ ਰਹੀ"

ਜ਼ਿੰਦਗੀ ਐਵੇਂ ਗੁਜ਼ਰਦੀ ਜਾ ਰਹੀ,
ਆਖ਼ਰੀ ਮਨਜ਼ਲ ਹੈ ਨੇੜੇ ਆ ਰਹੀ ।

ਰੀਝ ਸੀ ਅਰਮਾਨ ਪੂਰੇ ਕਰਨ ਦੀ,
ਪਰ ਇਹ ਪੂਰੀ ਹੋ ਨਹੀਂ ਹੈ ਪਾ ਰਹੀ ।।

ਕਿਸ ਨੂੰ ਦਈਏ ਦੋਸ ਮੰਦਾ ਆਖੀਏ,
ਹਰ ਤਰਫ਼ ਮਤਲਬ ਪਰਸਤੀ ਛਾ ਰਹੀ ।

ਕੌਣ ਹੈ ਜੋ ਹੈ ਸੁਖੀ ਹਰ ਪਾਸਿਓਂ,
ਸਭ ਨੂੰ ਮਜਬੂਰੀ ਦੀ ਦੀਮਕ ਖਾ ਰਹੀ ।।

ਨਾਂ ਕਰੋ ਹੁਣ ਯਾਦ ਬੀਤੇ ਦਿਨਾਂ ਨੂੰ,
ਖਾਹ ਮਖ਼ਾਹ ਇਹ ਯਾਦ ਮਨ ਤੜਪਾ ਰਹੀ ।

ਘੋਲ ਕੇ ਜੋ ਪੀ ਗਏ ਵਾਹਦੇ ਸਭੀ,
ਇਹ ਜ਼ੁਬਾਂ ਉਹਨਾਂ ਦੀ ਹੀ ਰਟ ਲਾ ਰਹੀ ।।

ਦਰਦ ਦਾ ਦਾਰੂ ਜਿੰਨ੍ਹਾਂ ਦੇ ਪਾਸ ਹੈ,
ਨਜ਼ਰ ਉਹਨਾਂ ਦੀ ਹੈ ਕਿਓਂ ਪੱਥਰਾ ਰਹੀ ।

ਕਹਿ ਦਿਓ "ਅਮਰੀਕ" ਨੂੰ ਧੀਰਜ ਧਰੇ,
ਹੁਣ ਹਵਾ ਅਪਣਾਂ ਹੈ ਰੁਖ਼ ਬਦਲਾ ਰਹੀ ।।



Sri Satguru Jagjit Singh Ji eLibrary NamdhariElibrary@gmail.com

# "ਕੀ ਲਿਖਾਂ"

ਦਿਲ ਦੀਆਂ ਸਭ ਜਾਣਦਾ ਹੈਂ ਕੀਹ ਲਿਖਾਂ ?
ਰਮਜ਼ ਹਰ ਪਹਿਚਾਣਦਾ ਹੈਂ ਕੀਹ ਲਿਖਾਂ ?

ਬਾਝ ਤੇਰੇ ਮੈਂ ਹਾਂ ਕਿਹੜੇ ਕੰਮ ਦਾ,
ਹਰ ਘੜੀ ਸਨਮਾਨ ਦਾ ਹੈ, ਕੀਹ ਲਿਖਾਂ ?

ਕੋਝਿਓਂ ਕੋਝਾ ਅਤੇ ਗੁਨ-ਹੀਣ ਹਾਂ,
ਫੇਰ ਵੀ ਪਰਵਾਣਦਾ ਹੈਂ, ਕੀਹ ਲਿਖਾਂ ?

ਹਰ ਗੁਨਾਹ ਮੇਰੇ ਤੇ ਪਰਦਾ ਪਾ ਰਿਹੈਂ,
ਇਕ ਵੀ ਨਹੀਂ ਗਰਦਾਨਦਾ ਹੈ, ਕੀਹ ਲਿਖਾਂ ?

ਬਿਰਹੜੇ ਦੀ ਅੱਗ ਨੇ ਦੇਣਾਂ ਸਾੜ ਸੀ,
ਪਿਆਰ ਚਾਦਰ ਤਾਣਦਾ ਹੈ, ਕੀਹ ਲਿਖਾਂ ?

ਪਾਸ ਤੂੰ ਹੋਵੇਂ ਤਾਂ ਰੱਬ ਦੀ ਲੋੜ ਕੀਹ,
ਤੂੰ ਹੀ ਰੱਬ ਦੇ ਹਾਣ ਦਾ ਹੈ, ਕੀਹ ਲਿਖਾਂ ?

ਖੁਸ਼ ਨਸੀਬੀ ਹੈ ਬੜੀ "ਅਮਰੀਕ" ਦੀ,
ਪੂਰਕ ਹਰ ਅਰਮਾਨ ਦਾ ਹੈ, ਕੀਹ ਲਿਖਾਂ ?



Sri Satguru Jagjit Singh Ji eLibrary NamdhariElibrary@gmail.com

# "ਦੇਸ ਬਿਗਾਨਾ ਏ"

ਕੀਹ ਰਹਿਣਾ ਇਸ ਦੇਸ ਇਹ ਹੋਇਆ ਦੇਸ ਬਿਗਾਨਾ ਏ।
ਵਿਦਿਆ ਹੁੰਦਾ ਜਾਂਦਾ ਸਾਰਾ ਯਾਰ ਯਰਾਨਾ ਏ ।।

ਸੰਗੀ ਸਾਥੀ ਕਿਰਮੋ ਕਿਰਮੀ ਕਿਰਦੇ ਜਾਂਦੇ ਨੇ,
ਉਹਨਾਂ ਬਿਨਾਂ ਤਾਂ ਹੁੰਦਾ ਜਾਂਦਾ ਦੇਸ ਵੀਰਨਾ ਏ ।

ਜਿੰਨ੍ਹਾਂ ਬਿਨਾਂ ਅਸਾਂ ਨੂੰ ਕੱਟਣਾਂ ਪੱਲ ਵੀ ਔਖਾ ਸੀ,
ਤੁਰਨ ਲੱਗਿਆ ਲੱਭਦੇ ਨਵਿਓਂ ਨਵਾਂ ਬਹਾਨਾ ਏ ।।

ਬਿਨਾਂ ਪਾਣੀਓਂ ਮਛਲੀ ਜਿਵੇਂ ਨਹੀਂ ਹੈ ਜੀ ਸਕਦੀ,
ਬਿਨ ਸੱਜਣਾਂ ਦੇ ਅਸਾਂ ਵੀ ਮਰ ਮੁੱਕ ਜਾਣਾਂ ਏ ।

ਵਕਤ ਆਇਆ ਤਾਂ ਅਸਾਂ ਵੀ ਏਥੇ ਰਹਿਣਾਂ ਨਹੀਂ,
ਹਰ ਬੰਦੇ ਦਾ ਮੌਤ ਹੀ ਅਸਲ ਠਿਕਾਣਾ ਏ ।।

ਤੁਰ ਜਾਵਨ ਜੋ ਮੁੜ ਕੇ ਵਾਪਸ ਆਉਂਦੇ ਨਹੀਂ,
ਵਸਲ ਪਲਾਂ ਦੀ ਯਾਦ ਆਮੁਕ ਖ਼ਜ਼ਾਨਾ ਏ ।

ਸੱਜਣਾ ਦੀ ਇਹ ਯਾਦ "ਅਮਰੀਕ" ਭੁਲਾਵੀਂ ਨਾਂ,
ਸਬਰ ਨਾਲ ਹੁਣ ਬਿਰਹਾ ਅਸਾਂ ਹੰਢਾਣਾ ਏ ।।



Sri Satguru Jagjit Singh Ji eLibrary NamdhariElibrary@gmail.com

# "ਦਿਲ ਦੀ ਦੁਨੀਆ"

ਦਿਲ ਦੀ ਦੁਨੀਆਂ ਦੋ ਨ ਹੋ ਜਾਏ ਕਿਤੇ।
ਪ੍ਰੀਤ ਬੂਹਾ ਢੋ ਨ ਹੋ ਜਾਏ ਕਿਤੇ ।।

ਅਪਣਾਂ ਅਪਣਾਂ ਦਿਲ ਜ਼ਰਾ ਹੰਘਾਲੀਏ,
ਕੋਈ ਵਡਾ ਧ੍ਰੋਹ ਨ ਹੋ ਜਾਏ ਕਿਤੇ ।

ਦੋਸਤਾਂ ਤੇ ਦੁਸ਼ਮਣਾਂ ਨੂੰ ਪਰਖੀਏ,
ਜ਼ਹਿਰ ਅੰਮ੍ਰਿਤ ਗੋ ਨ ਜਾਏ ਕਿਤੇ ।।

ਕਲਪਨਾਂ ਜੰਨਤ ਦੀ ਜਿਹੜੀ ਸੀ ਕਰੀ,
ਦੋਜ਼ਖਾਂ ਦੀ ਸੋ ਨ ਜਾਏ ਕਿਤੇ ।

ਉਠ ਰਹੇ ਤੂਫ਼ਾਨ ਆਓ ਠੱਲੀਏ,
ਖਤਮ ਜਗ ਦੀ ਲੋ ਨ ਹੋ ਜਾਏ ਕਿਤੇ ।

ਹਰ ਕਦਮ "ਅਮਰੀਕ" ਰਖਿਓ ਸੋਚ ਕੇ,
ਅੱਕ ਕੇ ਸੋਨਾਂ ਲੋਹ ਨ ਹੋ ਜਾਏ ਕਿਤੇ ।।



Sri Satguru Jagjit Singh Ji eLibrary NamdhariElibrary@gmail.com

# "ਆਸਰੇ ਜੀ ਰਹੇ ਹਾਂ"

ਤੇਰੇ ਪਿਆਰ ਦੇ ਆਸਰੇ ਜੀ ਰਹੇ ਹਾਂ,
ਤੇਰੀ ਨਜ਼ਰ ਦਾ ਸ਼ਹਿਦ ਰੱਜ ਪੀ ਰਹੇ ਹਾਂ ।

ਜੋ ਦਾਮਨ ਚ' ਦੁਨੀਆਂ ਨੇ ਲੰਗਾਰ ਕੀਤੇ,
ਤੇਰੇ ਪਿਆਰ ਦੀ ਸੂਈ ਸੰਗ ਸੀ ਰਹੇ ਹਾਂ ।।

ਸਦਾ ਪਿਆਰ ਭਿੱਛਿਆ ਹੀ ਮਿਲਦੀ ਰਹੇ ਬੱਸ,
ਅਸੀਂ ਰੱਬ ਤੋਂ ਹੋਰ ਮੰਗ ਕੀ ਰਹੇ ਹਾਂ ।

ਤੂੰ ਜਿਸ ਹਾਲ ਰਖੇਂ ਰਹਾਂਗੇ ਤਿਵੇਂ ਹੀ,
ਅਸੀਂ ਜਨਮਾਂ ਤੋਂ ਨਾਂ ਇਹ ਟੱਪ ਲੀਹ ਰਹੇ ਹਾਂ।।

ਹਨੇਰੇ ਚ' ਸਾਡਾ ਹੈਂ ਚਾਨਣ ਮੁਨਾਰਾ,
ਮੁਨਵੱਰ ਹੋ ਨ੍ਹੇਰੇ ਦੀ ਪੁੱਟ ਨੀਂਹ ਰਹੇ ਹਾਂ ।

ਚੱਲੋ ਚੰਗਾ ਹੈ ਭੁੱਲੇ ਫਿਰ ਘਰ ਹਾਂ ਆਏ,
ਤੇਰਾ ਸਾਥ ਪਾ ਹੁਣ ਵੀ ਰਹਿ ਵੀਹ ਰਹੇ ਹਾਂ ।।



Sri Satguru Jagjit Singh Ji eLibrary NamdhariElibrary@gmail.com

# "ਇਕ ਫੁੱਲ ਹਾਂ"

ਮੈਂ ਕੰਡਿਆਂ ਚੋਂ ਘਿਰਿਆ ਪਿਆ ਇਕ ਫੁੱਲ ਹਾਂ ।
ਜਾਂ ਘੱਟੇ ਚ' ਰੁਲਦਾ ਮੈਂ ਹੀਰਾ ਅਮੁੱਲ ਹਾਂ ।।

ਕਿਸੇ ਮੇਰੀ ਅਜ ਤਕ ਕਦਰ ਹੀ ਨ ਜਾਣੀ,
ਮੈਂ ਲੋਕਾਂ ਦੇ ਭਾਣੇ ਤਾਂ ਕੱਖਾਂ ਦੇ ਤੁੱਲ ਹਾਂ ।

ਜੋ ਰੱਸ ਰੱਸ ਕਰੇ ਸੁਣਦਿਆਂ ਸਾਰ ਸਭ ਨੂੰ,
ਮੈਂ ਐਸਾ ਸੁਰੀਲਾ ਹੀ ਨਗ਼ਮਾ ਅਭੁੱਲ ਹਾਂ ।।

ਉਹ ਚੰਨ ਹਾਂ ਜ੍ਹਿਦੀ ਚਾਨਣੀ ਨੂੰ ਕੋਈ ਵੀ,
ਨ ਦੇਖੇ ਨ ਮਾਣੇ ਰਿਹਾ ਐਵੇਂ ਡੁਲ੍ਹ ਹਾਂ ।

ਮੇਰੀ ਸੋਚ ਤੋਂ ਹੈ ਉਰ੍ਹਾਂ ਬਹੁਤ ਦੁਨੀਆਂ,
ਮੈਂ ਧਰਤੀ ਤੇ ਆਕਾਸ਼ ਵਿਚ ਵਾਂਗ ਪੁਲ ਹਾਂ ।।

ਹਾਂ ਦੀਪਕ ਜੋ ਹਰ ਹਾਲ ਹੀ ਜਗਦਾ ਰਹਿੰਦੈ,
ਮੈਂ ਝੱਖੜਾ ਦੇ ਵਿਚ ਵੀ ਨ ਹੋ ਸਕਿਆ ਗੁੱਲ ਹਾਂ ।

ਇਹ ਠੀਕ ਏ ਸੱਟਾ ਨੇ ਹੈ ਗੋਲ ਕੀਤਾ,
ਮਗਰ ਪਾਣੀਆਂ ਵਿਚ ਵੀ ਮੈਂ ਅਜ ਤਕ ਅਘੁੱਲ ਹਾਂ ।।

ਐ "ਅਮਰੀਕ" ਉਹ ਮੈਨੂੰ ਜਾਣਨ ਨ ਜਾਣ ਨ,
ਮੈਂ ਵਾਹ ਲਗਦੀ ਪਾਸਾ ਰਿਹਾ ਸਭ ਦਾ ਖੁੱਲ ਹਾਂ ।

ਉਦਾਹਰਨ ਅਪਣੀ ਮੈਂ ਖੁਦ ਆਪ ਹੀ ਹਾਂ,
ਕਿਦ੍ਹੇ ਨਾਲ ਤੁੱਲਾਂ ਮੈਂ ਅਸਲੋਂ ਅਤੁੱਲ ਹਾਂ ।।

ਕਦਰ ਅਪਣੀ ਖ਼ੁਦ ਹੀ ਨਹੀਂ ਕਰ ਹਾਂ ਪਾਇਆ,
ਮੈਂ ਲੋਕਾਂ ਦੇ ਬੰਨ੍ਹਦਾ ਤਾਰੀਫ਼ੀ ਪੜੁੱਲ ਹਾਂ ।

ਕੋਈ ਗੱਲ ਨਹੀਂ ਨਜ਼ਰੀ ਪਿਆ ਨ ਕਿਸੇ ਦੀ,
ਹਾਂ ਕੋਹ ਨੂਰ ਭਾਵੇਂ ਰਿਹਾ ਅਜ ਮੈਂ ਰੁਲ ਹਾਂ ।।



Sri Satguru Jagjit Singh Ji eLibrary NamdhariElibrary@gmail.com

# "ਜਾਚਾਂ ਆਈਆਂ ਨੇ"

ਸਾਰੇ ਘਰ ਵਿਚ ਟਾਈਲਾਂ ਅਸਾਂ ਲਵਾਈਆਂ ਨੇ,
ਸੰਭਲ ਸੰਭਲ ਕੇ ਚੱਲਣ ਜਾਚਾਂ ਆਈਆਂ ਨੇ ।

ਸਾਫ਼ ਚੌਗਿਰਦਾ ਕਿਵੇਂ ਆਪਣਾਂ ਰਖਣਾਂ ਏ,
ਦੁੱਧ ਚਿੱਟੀਆਂ ਹੀ ਏਸੇ ਲਈ ਸੁਹਾਈਆਂ ਨੇ।

ਉਂਜ ਤਾਂ ਸਾਰਾ ਹੀ ਜਗ ਤਿਲਕਨ ਬਾਜੀ ਏ,
ਬੋਚ ਬੋਚ ਪੱਗ ਰੱਖਣ ਵਿਚ ਭਲਾਈਆਂ ਨੇ ।

ਕਾਹਲੀ ਦੇ ਵਿਚ ਤੁਰ ਕੇ ਹੱਡ ਤੁੜਵਾ ਲੈਣੇ,
ਏਸ ਗੱਲ ਵਿਚ ਦੱਸੋ ਕੀ ਦਾਨਾਈਆਂ ਨੇ ।।

ਮਨ ਬੰਦੇ ਦਾ ਅਸਲੋਂ ਪਾਰੇ ਵਰਗਾ ਏ,
ਧੰਨ ਭਾਗ ਜਿਨ੍ਹਾਂ ਸੁਰਤਾਂ ਖੂਬ ਟਿਕਾਇਆਂ ਨੇ ।

ਮਸਤੀ ਦੇ ਵਿਚ ਜੋ ਵੀ ਝੂਮਦੇ ਫਿਰਦੇ ਨੇ,
ਲੱਤਾਂ ਬਾਹੀਂ ਉਹਨਾਂ ਹੀ ਤੁੜਵਾਈਆਂ ਨੇ ।।

ਐ "ਅਮਰੀਕ" ਮਨੁਖ ਸਫਲ ਤਾਂ ਓਹ ਹੀ ਹੈ,
ਜਿਸ ਨੇ ਸਭ ਚਿੰਤਾਵਾਂ ਦੂਰ ਭਜਾਈਆਂ ਨੇ ।।



Sri Satguru Jagjit Singh Ji eLibrary NamdhariElibrary@gmail.com

# "ਜੀਵਨ ਜਾਚ"

ਜੀਵਨ ਜਾਚ ਸਿਖਾਓ ਸਭ ਨੂੰ ।
ਘੁੱਟ ਘੁੱਟ ਗਲੇ ਲਗਾਓ ਸਭ ਨੂੰ ।।

ਐਵੇਂ ਕੂੜ ਕੂੜ ਕਰਨਾਂ ਛੱਡੋ, ਵੈਰ ਵਰੋਧ ਮਨਾਂ ਚੋਂ ਕੱਢੋ,
ਅਮਨ ਫਰੇਰਾ ਹਰ ਥਾਂ ਗੱਡੋ, ਇਹ ਸੰਦੇਸ਼ ਸੁਨਾਓ ਸਭ ਨੂੰ ।

ਚਾਰ ਦਿਨਾਂ ਦੀ ਜਗ ਵਿਚ ਫੇਰੀ, ਕੀਹ ਮੁਨਿਆਦ ਹੈ ਬੰਦੇ ਤੇਰੀ,
ਇਕ ਦਿਨ ਹੋਣੈ ਖ਼ਾਕ ਦੀ ਢੇਰੀ, ਇਹ ਗਲ ਬਹਿ ਸਮਝਾਓ ਸਭ ਨੂੰ ।।

ਹੁਸਨ ਜਵਾਨੀ ਦਾ ਕੀ ਮਾਨੇ, ਇਹ ਤਾਂ ਢਲਦੀ ਧੁੱਪ ਸਮਾਨੇ,
ਵਾਂਗ ਬੁਲਬੁਲੇ ਇਹ ਇਨਸਾਨੇ, ਅਸਲੀਅਤ ਬਤਲਾਓ ਸਭ ਨੂੰ ।

ਕੁਝ ਕਰਨੈ ਤਾਂ ਕਰੋ ਭਲਾਈ, ਗੁੱਸੇ ਦੇ ਵਿਚ ਕਰੋ ਸਮਾਈ,
ਕਿਸੇ ਨੂੰ ਦੁੱਖ ਨ ਦੇਵੋ ਰਾਈ, ਸਿੱਧੇ ਰਸਤੇ ਪਾਓ ਸਭ ਨੂੰ ।।

ਹੱਕ ਹਲਾਲ ਦੀ ਕਰਕੇ ਖਾਈਏ, ਵਸਤ ਪਰਾਈ ਨ ਅਪਨਾਈਏ,
ਸਭ ਨੂੰ ਮਿੱਠੜੇ ਬੋਲ ਸੁਨਾਈਏ, ਜੀ ਜੀ ਆਖ ਬੁਲਾਓ ਸਭ ਨੂੰ ।

ਐ "ਅਮਰੀਕ" ਜਹਾਨੇ ਫ਼ਾਨੀ, ਚੰਗੀ ਧਰੀਏ ਕੋਈ ਨਿਸ਼ਾਨੀ,
ਨਹੀਂ ਮੁੱਲ ਪੈਣਾਂ ਇਕ ਦੁਆਨੀ, ਇਹ ਹੀ ਪਾਠ ਪੜ੍ਹਾਓ ਸਭ ਨੂੰ ।।



Sri Satguru Jagjit Singh Ji eLibrary NamdhariElibrary@gmail.com

# "ਮਿਲਨ ਅਸਾਂ ਨੂੰ ਆਏ"

ਸੱਜਣ ਮਿਲਨ ਅਸਾਂ ਨੂੰ ਆਏ, ਲੱਥੇ ਮਨ ਤੋਂ ਗ਼ਮਾਂ ਦੇ ਸਾਏ ।

ਜਿੰਨ੍ਹਾਂ ਦਾ ਦੀਦਾਰ ਸੀ ਚਾਹਿਆ, ਉਹਨਾਂ ਆ ਬੂਹਾ ਖੜਕਾਇਆ,
ਭੱਜ ਅਸਾਂ ਜਾ ਕੁੰਡਾ ਲਾਹਿਆ, ਘੁੱਠ ਲਿਆ ਗਲਵਕੜੀ ਪਾਏ।।

ਰਸ ਰਸ ਹੋਇਆ ਤਨ ਮਨ ਮੇਰਾ, ਚੁਕਿਆ ਹਰ ਸੰਕਟ ਨੇ ਡੇਰਾ,
ਭਿੰਨੀ ਰੈਣ ਤੇ ਚਾਓ ਘਨੇਰਾ, ਹਰ ਸੁਖ ਮਿਲਿਆ ਸਹਿਜ ਸੁਭਾਏ ।

ਦਿਲ ਦੀਆਂ ਗੱਲਾਂ ਕਰ ਕਰ ਥੱਕੇ, ਨਾਂ ਮੈਂ ਅੱਕਿਆ ਨ ਉਹ ਅੱਕੇ,
ਕੌਣ ਅਸਾਂ ਨੂੰ ਹਟਕੇ ਡੱਕੇ, ਰਬ ਦਾ ਸੌ ਸੌ ਸ਼ੁਕਰ ਮਨਾਇਆ ।।

ਹਿੱਜਰ ਕੁੜੱਲ ਨੇ ਲਥੇ ਸਾਰੇ, ਚੜ੍ਹੇ ਹਾਂ ਵਸਲ ਦੇ ਉਚ ਚੁਬਾਰੇ,
ਹੁਣ ਸਾਨੂੰ ਕੋਈ ਵਾਜ ਨ ਮਾਰੇ, ਸਭ ਨੂੰ ਦਿੱਤਾ ਅਸਾਂ ਸੁਨਾਏ ।

ਮਸਤੀ ਵਿਚ ਮਖ਼ਮੂਰ ਹੋਏ ਹਾਂ, ਨੱਚਣ ਤੇ ਮਜਬੂਰ ਹੋਏ ਹਾਂ,
ਹਰ ਚਿੰਤਾ ਤੋਂ ਦੂਰ ਹੋਏ ਹਾਂ, ਯਾਰ "ਅਮਰੀਕ" ਨੇ ਲਿਆ ਮਨਾਏ ।।



Sri Satguru Jagjit Singh Ji eLibrary NamdhariElibrary@gmail.com

# "ਮੇਰੇ ਯਾਰ"

ਆ ਛੇਤੀ ਹੁਣ ਮੇਰੇ ਯਾਰ, ਐਵੇਂ ਨ ਕਰ ਪਿਆ ਖੁਆਰ ।

ਕੀਹ ਤੇਰਾ ਦੱਸ ਅਸਾਂ ਗਵਾਇਆ, ਕਿਓਂ ਸਾਨੂੰ ਹੈ ਤੂੰ ਤੜਪਾਇਆ,
ਰੋਗ ਅਵੱਲੜਾ ਐਸਾ ਲਾਇਆ, ਜੀਂਦੇ ਜੀ ਹੀ ਦਿੱਤੋਈ ਮਾਰ ।।

ਆ ਸੱਜਣ ਰਲ ਕੇ ਅਜ ਬਹੀਏ, ਦਿਲ ਦੀ ਸੁਣੀਏ ਦਿਲ ਦੀ ਕਹੀਏ,
ਐਵੇਂ ਨ ਪਏ ਤੜਫਦੇ ਰਹੀਏ, ਬੀਤ ਨ ਜਾਏ ਬਸੰਤ ਬਹਾਰ ।

ਕੋਣ ਤੇਰੇ ਬਿਨ ਦਿਲ ਦੀ ਜਾਣੇ, ਅਰਜ਼ ਮੇਰੀ ਦੀ ਨਬਜ਼ ਪਛਾਣੇ,
ਮਨ ਦੀ ਗੁੱਝੀ ਰਮਜ਼ ਸਿੰਵਾਣੇ, ਆ ਮੇਰੀ ਦੇ ਜੂਨ ਸੁਆਰ ।।

ਸਾਹਾਂ ਦਾ ਦੱਸ ਕੀਹ ਭਰਵਾਸਾ, ਪਰਤ ਜਾਣਾਂ ਏ ਕਦ ਇਹ ਪਾਸਾ,
ਦੇਵੇਗਾ ਫਿਰ ਕੌਣ ਦਿਲਾਸਾ, ਅਪੜ ਗਏ ਜਦੋ ਅਗਲੇ ਪਾਰ ।

ਆ ਰਲ ਗੀਤ ਵਸਲ ਦੇ ਗਾਈਏ, ਐਵੇਂ ਨ ਵਿੱਛੜ ਮਰ ਜਾਈਏ,
ਬੀਤ ਗਏ ਤੇ ਨ ਪਛਤਾਈਏ, ਪਾ "ਅਮਰੀਕ" ਤੇ ਪ੍ਰੀਤ ਫ਼ੁਹਾਰ ।।



Sri Satguru Jagjit Singh Ji eLibrary NamdhariElibrary@gmail.com

# "ਕਿਥੋਂ ਰੱਬ"

ਕਿੱਥੋਂ ਰੱਬ ਰਿਹਾ ਹੈਂ ਭਾਲ ।
ਹਰ ਥਾਂ ਮਾਇਆ ਦਾ ਜੰਜਾਲ ।।

ਨਿਰਾ ਪਾਖੰਡ ਹੈ ਠਾਕਰ ਦੁਆਰੇ, ਕੁਝ ਨਹੀਂ ਲੱਭਾ ਗੁਰੂਦੁਆਰੇ,
ਕੌਣ ਮਸੀਤੀਂ ਟੱਕਰਾਂ ਮਾਰੇ, ਹਰ ਥਾਂ ਦਿੱਸਿਆ ਬੁਰਾ ਹੀ ਹਾਲ ।

ਪੰਡਤ ਮੁੱਲਾਂ ਅਤੇ ਇਹ ਭਾਈ, ਸਭੀ ਨੇ ਬੈਠੇ ਫਾਂਧਕ ਲਾਈ,
ਫਸਿਆਂ ਕੋਂਹਦੇ ਵਾਂਗ ਕਸਾਈ, ਸਾਰੇ ਚੱਲਦੇ ਇਕੋ ਚਾਲ ।।

ਰੱਬ ਤਾਂ ਸਭ ਦੇ ਅੰਦਰ ਵੱਸਦਾ, ਲੱਭਣ ਜੱਗ ਜੰਗਲ ਨੂੰ ਨੱਸ ਦਾ,
ਵੇਖ ਤਮਾਸ਼ਾ ਰੱਬ ਹੈ ਹੱਸਦਾ, ਆਖੇ ਭੁੱਲੇ ਹੋ ਸੁਰ ਤਾਲ ।

ਗ਼ਰਜ਼ਾਂ ਖਾਤਰ ਲੋਕ ਲੜਾਂਦੇ, ਵਿਚ ਭਰਾਵਾਂ ਪਾਟਕ ਪਾਂਦੇ,
ਮਿਤਰਾਂ ਹੱਥ ਹਥਿਆਰ ਫੜਾਂਦੇ, ਕਿਸੇ ਨੂੰ ਕਰਦੇ ਨਹੀਂ ਨਿਹਾਲ ।।

ਇਹਨਾਂ ਰੱਬ ਮਖ਼ੌਲ ਬਨਾਇਆ, ਹਾਥੀ ਨੂੰ ਕੁੱਜੇ ਵਿਚ ਪਾਇਆ,
ਸੌੜੇ ਘਰਾਂ ਦੇ ਵਿਚ ਬਿਠਾਇਆ, ਰੱਬ ਤਾਂ ਹੈ ਪਰ ਬੜਾ ਵਿਸ਼ਾਲ ।

ਆਓ ਇਹਨਾਂ ਤੋਂ ਬਚ ਜਾਈਏ, ਇਕ ਨਵਾਂ ਸੰਸਾਰ ਵਸਾਈਏ,
ਆਪਸ ਵਿਚ ਗਲਵੱਕੜੀ ਪਾਈਏ, ਲੈ ਲਈਏ "ਅਮਰੀਕ" ਨੂੰ ਨਾਲ ।।



Sri Satguru Jagjit Singh Ji eLibrary NamdhariElibrary@gmail.com

# "ਕਿੱਥੇ ਤੁਰ ਗਏ ਨੇ"

ਦਰਦ ਵੰਡਾਵਨ ਵਾਲੇ ਕਿੱਥੇ ਤੁਰ ਗਏ ਨੇ,
ਕੱਚਿਆਂ ਘੜਿਆਂ ਵਾਂਗ ਝਨਾਂ ਵਿਚ ਖੁਰ ਗਏ ਨੇ ।

ਕਿੱਥੇ ਗਏ ਉਹ ਵਹਿਦੇ ਤੋੜ ਨਿਭਾਵਨ ਦੇ,
ਰੇਤ ਦੇ ਲਡੂਆਂ ਵਾਂਗ ਪਲਾਂ ਵਿਚ ਭੁਰ ਗਏ ਨੇ ।।

ਗੀਤ ਸੁਰੀਲੇ ਜਿਨ੍ਹਾਂ ਕਦੀ ਸੁਨਾਏ ਸਨ,
ਪਤਾ ਨਹੀਂ ਉਹ ਗੀਤ ਕਿਉਂ ਹੋ ਬੇ-ਸੁਰ ਗਏ ਨੇ ।

ਤਾਨੇ ਮਿਹਣੇ ਹੋਰ ਨ ਸਾਨੂੰ ਘੱਲਿਆ ਜੇ,
ਦਿਲ ਦੇ ਸਾਰੇ ਖਾਨੇ ਹੁਣ ਹੋ ਪੁਰ ਗਏ ਨੇ ।।

ਜੋਬਨ ਸਾਡਾ ਬੀਤ ਨ ਜਾਏ ਕੱਲਿਆਂ ਹੀ,
ਹਿਜਰ ਦੇ ਕੰਡੇ ਚੁੱਭ ਸੀਨੇ ਵਿਚ ਧੁਰ ਗਏ ਨੇ ।

ਬਾਝ ਉਹਨਾਂ ਦੇ ਕੁਝ ਵੀ ਚੰਗਾ ਲਗਦਾ ਨਹੀਂ,
ਸਾਰੇ ਸੁਖ ਹੀ ਵਸਲ ਬਿਨਾਂ ਹੋ ਸ਼ੁਰ ਗਏ ਨੇ ।।



Sri Satguru Jagjit Singh Ji eLibrary NamdhariElibrary@gmail.com

# "ਜਗ ਹਰਜਾਈ ਏ"

ਕਿਸ ਨੂੰ ਯਾਰ ਬਨਾਈਏ, ਜਗ ਹਰਜਾਈ ਏ,
ਯਾਰੀ ਲਾਕੇ ਕਿਸ ਨੇ ਤੋੜ ਨਿਭਾਈ ਏ ।

ਹਰ ਕੋਈ ਹੀ ਗ਼ਰਜ਼ੀਂ ਫਿਰਦਾ ਗੁੱਝਿਆ ਏ,
ਸਭ ਨੇ ਡਫਲੀ ਅਪਣੀ ਸਦਾ ਵਜਾਈ ਏ ।।

ਇਕ ਦੂਜੇ ਨੂੰ ਸਾਰੇ ਹੀ ਦਾਅ ਲਾਂਦੇ ਨੇ,
ਕਿਸੇ ਨ ਸੋਚੀ ਕਿਸੇ ਦੀ ਵੀ ਭਲਿਆਈ ਏ ।

ਜਿਸ ਦੇ ਨੇੜੇ ਲੱਗੀਏ ਪਾਸਾ ਲਾਹ ਲੈਂਦਾ,
ਸਭ ਨੇ ਧਨ ਦੂਜੇ ਤੇ ਅੱਖ ਟਿਕਾਈ ਏ ।।

ਬਨੀ ਦੇ ਸਾਰੇ ਬੇਲੀ ਨਹੀਂ ਤੇ ਵੈਰੀ ਨੇ,
ਭੀੜ ਪਵੇ ਤਾਂ ਮਿੱਤਰਾਂ ਕੰਡ ਵਖਾਈ ਏ ।

ਕੁਝ "ਅਮਰੀਕ" ਜਹੇ ਜੋ ਤੋੜ ਨਿਭਾਂਦੇ ਨੇ,
ਉਹਨਾਂ ਕਰਕੇ ਦੁਨੀਆਂ ਬਚਦੀ ਆਈ ਏ ।।



Sri Satguru Jagjit Singh Ji eLibrary NamdhariElibrary@gmail.com

# "ਸ਼ਾਮ ਹੁੰਦੀ ਜਾ ਰਹੀ"

ਜ਼ਿੰਦਗੀ ਦੀ ਸ਼ਾਮ ਹੁੰਦੀ ਜਾ ਰਹੀ ।
ਸੋਚ ਹੀ ਗੁਮ ਨਾਮ ਹੁੰਦੀ ਜਾ ਰਹੀ ।

ਹੋ ਗਿਆ ਮੈਂ ਅੱਜ ਹਾਂ ਅੱਸੀ ਸਾਲ ਦਾ,
ਉਮਰ ਵੱਲ ਅੰਜਾਮ ਹੁੰਦੀ ਜਾ ਰਹੀ ।

ਕਹਿਣ ਲਗ ਪੈ ਲੋਕ "ਬੁਢਿਆ ਮਰ ਪਰ੍ਹਾਂ",
ਹੌਂਦ ਹੀ ਬਦਨਾਮ ਹੁੰਦੀ ਜਾ ਰਹੀ ।।

ਹਮ ਉਮਰ ਮੇਰੇ ਨੇ ਵਿਦਿਆ ਹੋ ਰਹੇ,
ਦੋਸਤੀ ਵਿਸ਼ਰਾਮ ਹੁੰਦੀ ਜਾ ਰਹੀ ।

ਹੁਕਮ ਮੰਨਣੋਂ ਅੰਗ ਨਾਬਰ ਹੋ ਰਹੇ,
ਮਨ ਦੀ ਹਲ ਚਲ ਜਾਮ ਹੁੰਦੀ ਜਾ ਰਹੀ ।।

ਮੇਰੀ ਹਸਤੀ ਜੋ ਗਿਣੀ ਦੀ ਖ਼ਾਸ ਸੀ,
ਹੁਣ ਵਿਚਾਰੀ ਆਮ ਹੁੰਦੀ ਜਾ ਰਹੀ ।

ਹਰ ਸਹੂਲਤ ਹੈ ਮਗਰ ਬੇਚੈਨ ਹਾਂ,
ਮਨ ਦੀ ਤ੍ਰਿਪਤੀ ਲ੍ਹਾਮ ਹੁੰਦੀ ਜਾ ਰਹੀ ।।

ਥੰਮੀਆਂ ਦੇਂਦਾ ਹਾਂ ਡਿੱਗਦੀ ਛੱਤ ਨੂੰ,
ਫੇਰ ਵੀ ਨਾਕਾਮ ਹੁੰਦੀ ਜਾ ਰਹੀ ।।



Sri Satguru Jagjit Singh Ji eLibrary NamdhariElibrary@gmail.com

# "ਕੀ ਆਖਾਂ"

ਦੱਸ ਦੁਨੀਆ ਦੇ ਲੋਕਾਂ ਨੂੰ ਮੈਂ ਕੀਹ ਆਖਾਂ,
ਕਿਤੇ ਵੀ ਮੈਨੂੰ ਟਿਕ ਕੇ ਬਹਿਣ ਨ ਦੇਂਦੇ ਨੇ ।
ਚੁੱਪ ਕਰਾਂ ਤਾਂ ਕਹਿਣ ਕੇ ਘੁਨਾਂ ਹੋਇਆ ਏ,
ਜੇ ਬੋਲਾਂ ਤਾਂ ਕੁਝ ਵੀ ਕਹਿਣ ਨ ਦੇਂਦੇ ਨੇ ।।

ਸਾਫ਼ ਜੇ ਕਪੜੇ ਪਹਿਣ ਲਵਾਂ ਤਾਂ ਕਹਿੰਦੇ ਨੇ,
ਵੇਖੋ ਬੱਗਾ ਕੁੱਕੜ ਬਣਿਆ ਫਿਰਦਾ ਏ ।
ਰਤਾ ਜੇ ਮੈਲੇ ਹੋਣ ਤਾਂ ਕਰਦੇ ਮਸਕਰੀਆਂ,
ਕੋਲ ਵੀ ਅਪਣੇ ਅਸਲੋਂ ਬਹਿਣ ਨ ਦੇਂਦੇ ਨੇ।।

ਜੇ ਸੰਕੋਚ ਕਰਾਂ ਤਾਂ ਕਹਿਣ ਕੰਜੂਸ ਬੜਾ,
ਮੱਖੀ ਚੂਸ ਵੀ ਆਖ ਬੁਲਾਇਆ ਜਾਂਦਾ ਏ ।
ਲੋੜ ਜੋਗਾ ਵੀ ਕਿਧਰੇ ਖਰਚਾ ਕਰ ਬੈਠਾਂ,
ਕਿਸੇ ਵੀ ਪਾਸੇ ਜੋਗਾ ਰਹਿਣ ਨ ਦੇਂਦੇ ਨੇ ।।

ਮਨ ਭਾਉਂਦਾ ਪਕਵਾਨ ਵੀ ਜੇ ਕਰ ਮੰਗ ਬਹਾਂ,
ਆਖਣ ਬੜਾ ਹੀ ਇਹ ਤਾਂ ਚਸਕੇ-ਖੋਰਾ ਏ ।
ਜੇ ਆਖਾਂ ਮੈਂ ਸਾਦਾ ਖਾਣ ਦਾ ਆਦੀ ਹਾਂ,
ਸਾਦਗੀ ਦਾ ਵੀ ਸੁਆਦ ਲੈਣ ਨ ਦੇਂਦੇ ਨੇ ।।



Sri Satguru Jagjit Singh Ji eLibrary NamdhariElibrary@gmail.com

ਫੁੱਲਾਂ ਨੂੰ ਵੀ ਜੇਕਰ ਸੁੰਦਰ ਆਖ ਬਹਾਂ,
ਆਖਣ ਇਹ ਤਾਂ ਉੱਡਦਾ ਫਿਰਦਾ ਭੌਰਾ ਏ ।
ਵੇਖੋ ਦੁਨੀਆ ਕੈਸੀ ਇਹ ਬਹੁ ਰੰਗੀਏ,
ਕੰਡਿਆਂ ਨਾਲ ਵੀ ਯਾਰੋ ਖਹਿਣ ਨ ਦੇਂਦੇ ਨੇ ।।

ਕਰਾਂ ਸਹਾਇਤਾ ਕਿਸੇ ਜ਼ਰੂਰਤ ਮੰਦ ਦੀ ਜੇ,
ਆਖਣ ਰਾਜੇ ਕਰਨ ਦਾ ਇਹ ਸਨਬੰਧੀ ਏ ।
ਘੁੱਟ ਲਵਾਂ ਜੇ ਹੱਥ ਪੁਆੜਾ ਹੋਰ ਪਵੇ,
ਕਿਸੇ ਵੀ ਗੱਲ ਨੂੰ ਭੁੰਜੇ ਪੈਣ ਨ ਦੇਂਦੇ ਨੇ ।।

ਮੰਦਰ ਗੁਰੂਦੁਆਰੇ ਚਲਿਆ ਜਾਵਾਂ ਜੇ,
ਧਰਮ ਦਾ ਠੇਕੇਦਾਰ ਕਹਾਉਣਾਂ ਪੈਂਦਾ ਏ ।
ਚੁੱਪ ਕਰ ਕੇ ਜੇ ਘਰੇ ਬਹਾਂ ਤਾਂ ਕਾਫ਼ਰ ਹਾਂ,
ਅਪਣੇ ਵੀਹਣ ਦੇ ਵਿਚ ਵੀ ਵਹਿਣ ਨ ਦੇਂਦੇ ਨੇ ।।

ਤੂੰ "ਅਮਰੀਕ" ਨ ਪਰਵਾਹ ਕਰੀਂ ਜ਼ਮਾਨੇ ਦੀ,
ਸਿੱਧੇ ਰਾਹੇ ਜੇ ਤੁਰਿਆਂ ਏ ਤੁਰਿਆ ਜਾ ।
ਇਹ ਲੋਕੀ ਤਾਂ ਕਿਸੇ ਨੂੰ ਵੀ ਬੱਸ ਵਾਹ ਲਗਦੀ,
ਦੁਖੀ ਨੂੰ ਵੀ ਰੱਜ ਦੁੱਖ ਸਹਿਣ ਨ ਦੇਂਦੇ ਨੇ ।।



Sri Satguru Jagjit Singh Ji eLibrary NamdhariElibrary@gmail.com

# "ਕੀਤਾ ਯਾਦ"

ਸ਼ੁਕਰ ਹੈ ਸੱਜਣਾ ਕੀਤਾ ਯਾਦ ।
ਹੋਇਆ ਮਨ ਦਾ ਸ਼ਹਿਰ ਆਬਾਦ ।।

ਅਸਾਂ ਨਸੀਬਾਂ ਆਪਣਿਆਂ ਨੂੰ,
ਭਰ ਭਰ ਝੋਲਾਂ ਦਿੱਤੀ ਦਾਦ ।

ਮਨ ਮੰਦਰ ਵਿਚ ਮਹਿਕਾਂ ਰੱਚੀਆ,
ਨਕ ਨਕ ਭਰੇ ਹਾਂ ਨਾਲ ਸੁਆਦ ।।

ਗ਼ਮ ਫਿਕਰਾਂ ਦਾ ਟੰਟਾ ਮੁੱਕਾ,
ਖੁੱਸ਼ੀ ਦੇ ਜੁਗ ਦਾ ਹੋਇਆ ਆਦਿ ।

ਅੰਗ ਅੰਗ ਮਸਤੀ ਵਿਚ ਨੱਚਿਆ,
ਹੋਈ ਕਾਇਆ ਵਿਚ ਵਿਸਮਾਦ ।।

ਸ਼ੀਸ਼ੇ ਵਾਂਗੂ ਚਮਕ ਰਹੇ ਹਾਂ,
ਜਨਮਾਂ ਦੀ ਅਜ ਉੱਤਰੀ ਗਾਦ ।

ਭਰਮ ਭੁਲੇਖੇ ਉੱਡ ਗਏ ਸਾਰੇ,
ਖ਼ਤਮ ਹੋਇਆ ਏ ਵਾਦ-ਵਿਵਾਦ ।।

ਫਰਕਣ ਬੁਲ੍ਹੀਆਂ ਜੀਭ ਰੁਕੀ ਏ,
ਦੱਸ ਛੇੜੀਏ ਕਿਵੇਂ ਸੰਵਾਦ ।

ਪੁੱਛੋ ਨ "ਅਮਰੀਕ" ਨੂੰ ਕੁਝ ਵੀ,
ਹਦੋਂ ਵੱਧ ਹੋਇਆ ਦਿਲ ਸ਼ਾਦ ।।



Sri Satguru Jagjit Singh Ji eLibrary NamdhariElibrary@gmail.com

# "ਕਦੇ ਰੁਕਦਾ ਨਹੀਂ"

ਵਹਿਣ ਕਵਿਤਾ ਦਾ ਕਦੇ ਰੁੱਕਦਾ ਨਹੀਂ,
ਇਹ ਸਮੁੰਦਰ ਹੈ ਕਦੇ ਸੁੱਕਦਾ ਨਹੀਂ ।

ਅੱਗ ਦਾ ਅੰਗਿਆਰ ਕੱਖਾਂ ਹੇਠ ਵੀ,
ਸੌ ਲੁਕਾਈਏ ਪਰ ਕਦੇ ਲੁੱਕਦਾ ਨਹੀਂ ।

ਸੱਚਾ ਸ਼ਾਇਰ ਮਰ ਤਾਂ ਜਾਂਦਾ ਏ ਮਗਰ,
ਲਾਲਚਾਂ ਲੋਭਾਂ ਤੇ ਉਹ ਥੁੱਕਦਾ ਨਹੀਂ ।।

ਰਹਿੰਦੀਆਂ ਨਜ਼ਰਾਂ ਨਿਸ਼ਾਨੇ ਇਕ ਤੇ,
ਕੁਝ ਵੀ ਹੋ ਜਾਏ ਕਦੇ ਉੱਕਦਾ ਨਹੀਂ।

ਹਰ ਮੁਸੀਬਤ ਨੂੰ ਜੀ ਆਇਆਂ ਆਖਦੈ,
ਦਿਲ ਦਾ ਦਰਵਾਜ਼ਾ ਕਦੇ ਢੁੱਕਦਾ ਨਹੀਂ ।।

ਹੌਸਲਾ ਉਸਦਾ ਹਿਮਾਲੇ ਵਾਂਗ ਹੈ,
ਟੁੱਟ ਜਾਂਦਾ ਏ ਮਗਰ ਝੁੱਕਦਾ ਨਹੀਂ ।

ਭਾਲ ਵਿਚ ਫਿਰਦੈ ਕਿਸੇ ਹਮਦਰਦ ਦੀ,
ਸਫ਼ਰ ਉਸਦਾ ਮਰਨ ਤਕ ਮੁੱਕਦਾ ਨਹੀਂ ।

ਨਾਮ ਕੀ ਰਖੀਏ ਤੂੰ ਦੱਸ "ਅਮਰੀਕ" ਬਿਨ,
ਉਸ ਬਿਨਾਂ ਕੋਈ ਵੀ ਨਾਂ ਢੁੱਕਦਾ ਨਹੀਂ ।।



Sri Satguru Jagjit Singh Ji eLibrary NamdhariElibrary@gmail.com

# "ਤੁਰ ਜਾਣਾਂ ਏ"

ਛਡ ਕੇ ਦੇਸ ਇਹ ਤੁਰ ਜਾਣਾ ਏ ।
ਵਾਂਗ ਪਤਾਸੇ ਖੁਰ ਜਾਣਾ ਏ ।।

ਰੇਤ ਦੇ ਲਡੂਆਂ ਜਿਓਂ ਇਸ ਦੇਹੀ,
ਠੋਕਰ ਲੱਗਿਆਂ ਭੁਰ ਜਾਣਾ ਏ ।

ਸਾਜ਼ ਸੁਰੀਲਾ ਇਸ ਜੀਵਨ ਦਾ,
ਇਕ ਦਿਨ ਹੋ ਬੇ-ਸੁਰ ਜਾਣਾ ਏ ।।

ਉਮਰਾ ਦਾ ਵਰਕੈ ਜੋ ਖਾਲੀ,
ਮੌਤ ਨੇ ਕਰ ਇਹ ਪੁਰ ਜਾਣਾ ਏ ।

ਦਾਵ੍ਹੇ ਬ੍ਹਨ ਬ੍ਹਨ ਗਏ ਅਨੇਕਾਂ,
ਪਰ ਸਭ ਨੇ ਹੋ ਸ਼ੁਰ ਜਾਣਾ ਏ ।।

ਆਖ਼ਰੀ ਮੋੜ ਤੇ ਜ਼ਿੰਦ ਨਿਮਾਣੀ,
ਦੱਸਿਆਂ ਬਿਨਾਂ ਹੀ ਮੁੜ ਜਾਣਾ ਏ ।

ਟੁੱਟ ਜਾਣੈ ਸੰਸਾਰ ਦਾ ਸਪਨਾ,
ਝੜ ਸਭ ਦੀ ਹੀ ਬੁਰ ਜਾਣਾ ਏ ।।

ਆਕੜ ਆਕੜ ਤੁਰਨ ਵਾਲਿਆਂ,
ਝੰਮਣੀ ਵਾਂਗ ਹੀ ਮੁੜ ਜਾਣਾ ਏ ।

ਤੁਰਨ ਲੱਗਿਆਂ ਏਥੋਂ ਸਭ ਨੇ,
ਖ਼ੁਸ਼ੀ ਨਾਲ ਨਹੀਂ, ਝੁਰ ਜਾਣਾਂ ਏ ।।

ਮਿੱਠੜਾ ਬੋਲ "ਅਮਰੀਕ" ਹਮੇਸ਼ਾ,
ਕਿਓਂ ਕਰ ਕੇ ਘੁਰ-ਘੁਰ ਜਾਣਾ ਏ ।।



Sri Satguru Jagjit Singh Ji eLibrary NamdhariElibrary@gmail.com

# "ਅਜੇ ਅਧੂਰੀ"

ਕਹਿਣ ਆਜ਼ਾਦੀ ਅਜੇ ਅਧੂਰੀ,
ਕੌਣ ਕਰੇਗਾ ਇਸ ਨੂੰ ਪੂਰੀ ।

ਅਜੇ ਤਾਂ ਵਧਦੀ ਹੀ ਜਾਂਦੀ ਏ,
ਤਗੜੇ ਮਾੜੇ ਦੇ ਵਿਚ ਦੂਰੀ ।।

ਬਹੁਤੇ ਲੋਕ ਮਹਿਸੂਸ ਰਹੇ ਨੇ,
ਅਪਣੇ ਅੰਦਰ ਅਤਿ ਬੇ-ਨੂਰੀ ।

ਵਾੜ ਖੇਤ ਨੂੰ ਖਾ ਚੱਲੀ ਏ,
ਬਣੀ ਮਨੁਖਤਾ ਨੂੰ ਮਜਬੂਰੀ ।।

ਰਾਮ-ਰਾਜ ਦੀ ਇੰਤਜ਼ਾਰ ਵਿੱਚ,
ਜੰਤਾ ਪਈ ਏ ਵਿਚ ਤੰਦੂਰੀ ।

ਏਸ ਆਜ਼ਾਦੀ ਖਾਤਰ ਲੋਕਾਂ,
ਹਰ ਇਕ ਦੁੱਖ ਦੀ ਨਦੀ ਅਬੂਰੀ ।।

ਮਿਹਨਤ ਕਸ਼ਾਂ ਨੂੰ ਸੁੱਕੇ ਟੁੱਕਰ,
ਵਿਹਲੜ ਖਾਂਦੇ ਰੱਜ ਰੱਜ ਚੂਰੀ ।

ਰਿਸ਼ਵਤ ਸਰੇ ਬਾਜ਼ਾਰ ਨੇ ਮੰਗਦੇ,
ਨ ਦਈਏ ਤਾਂ ਵੱਟਣ ਘੂਰੀ ।।

ਉਹਨਾਂ ਫੜੀ ਨਿਆਂ ਦੀ ਤੱਕੜੀ,
ਵੇਖ ਜਿੰਨ੍ਹਾਂ ਨੂੰ ਤੱਕੜੀ ਝੂਰੀ ।

ਬਿਨਾਂ ਯੋਗੜਾ ਉੱਚ ਪਦਵੀਆਂ,
ਪੂਰੀ ਪਹੁੰਚ ਦੀ ਹੈ ਮਖ਼ਮੂਰੀ ।।



Sri Satguru Jagjit Singh Ji eLibrary NamdhariElibrary@gmail.com

# "ਦਰਦ ਦਾ ਦਾਰੂ"

ਦਰਦ ਦਾ ਦਾਰੂ ਜਿੰਨਾਂ ਦੇ ਪਾਸ ਹੈ ।
ਇਸ ਦਾ ਉਹਨਾਂ ਨੂੰ ਨਹੀਂ ਅਹਿਸਾਸ ਹੈ ।।

ਕੋਲ ਰਹਿ ਕੇ ਵੀ ਤਾਂ ਕੋਹਾਂ ਦੂਰ ਨੇ,
ਭੋਗਿਆ ਅਜ ਤਕ ਘਰੇ ਬਨ-ਬਾਸ ਹੈ ।

ਕਦੇ ਤਾਂ ਨਜ਼ਰੇ ਇਨਾਇਤ ਕਰਨਗੇ,
ਦਿਲ ਨੂੰ ਏਸੇ ਕਰਕੇ ਕੁਝ ਧਰਵਾਸ ਹੈ ।।

ਚਸ਼ਮਾਂ-ਏ-ਜ਼ਮ ਜ਼ੁਮ ਦੇ ਕੰਢੇ ਪੁੱਜ ਕੇ,
ਬੁਝ ਨਹੀਂ ਪਾਈ ਅਸਾਡੀ ਪਿਆਸ ਹੈ ।

ਕੋਲ ਰਹਿਣਾਂ ਪਰ ਕਦੇ ਨਾਂ ਬੋਲਣਾ,
ਇਹ ਰਵਈਆ ਆ ਰਿਹਾ ਨ ਰਾਸ ਹੈ ।।

ਡਰ ਹੈ ਦਮ ਘੁੱਟ ਕੇ ਨ ਮਰ ਜਾਈਏ,
ਕਹਿ ਰਹੀ ਸਾਡੀ ਤੜਪਦੀ ਆਸ ਹੈ,

ਉਂਜ ਦੁਖੀ ਦੋਵੇਂ ਹਾਂ ਐਪਰ ਚੁੱਪ ਹਾਂ,
ਪਿਆਰ ਦਾ ਅੰਦਾਜ਼ ਇਹ ਵੀ ਖ਼ਾਸ ਹੈ ।।

ਜ਼ਿੰਦਗੀ "ਅਮਰੀਕ" ਦੀ ਜੇ ਵੇਖੀਏ,
ਦਰਦ ਦਾ ਲੰਮਾਂ ਬੜਾ ਇਤਹਾਸ ਹੈ ।।



Sri Satguru Jagjit Singh Ji eLibrary NamdhariElibrary@gmail.com

# "ਘੁੰਡੀ ਦਿਲਾਂ ਦੀ"

ਆਓ ਅਜ ਘੁੰਡੀ ਦਿਲਾਂ ਦੀ ਖੋਲੀਏ,
ਪਾਸ ਆਇਆਂ ਨਾਲ ਹੱਸੀਏ ਬੋਲੀਏ ।

ਇਸ ਤਰਾਂ ਜੇ ਚੁੱਪ ਹੀ ਬੈਠੇ ਰਹੇ,
ਕਿਸ ਦੇ ਅੱਗੇ ਦਿਲ ਅਸੀਂ ਫਿਰ ਫੋਲੀਏ ।।

ਅੰਦਰੀਂ ਗੱਲਾਂ ਦੇ ਲੱਗੇ ਢੇਰ ਨੇ,
ਕਿਹੜਿਆਂ ਵੱਟਿਆਂ ਦੇ ਸੰਗ ਇਹ ਤੋਲੀਏ।

ਬੁੱਤ ਪਰਸਤੀ ਤੋਂ ਅਸੀਂ ਮੁਨਕਰ ਹਾਂ ਪਰ,
ਬਣ ਚੁੱਕੀ ਜੋ ਆਸਥਾ ਕਿਓਂ ਰੋਲੀਏ ।।

ਇਕ ਨ ਇਕ ਦਿਨ ਹੱਸ ਕੇ ਬੋਲਣਗੇ ਉਹ,
ਡੁੱਬ ਗ਼ਮਾਂ ਵਿਚ ਮਰ ਨ ਜਿੰਦੇ ਭੋਲੀਏ।

ਪਿਆਰ ਵਿਚ ਹੁੰਦੀਆਂ ਹਜ਼ਾਰਾਂ ਉਲਝਣਾਂ,
ਖ਼ਾਹ ਮਖ਼ਾਹ ਇਹਨਾਂ ਤੋਂ ਡਰ ਨ ਡੋਲੀਏ ।।

ਅਪਣੇ ਵਿਚ ਹੀ ਨੁਕਸ ਨ ਹੋਵੇ ਕਿਤੇ,
ਆਓ ਆਪੇ ਨੂੰ ਜ਼ਰਾ ਪੜਚੋਲੀਏ ।

ਕੈਸਾ ਬਿਰਹਾ ਹੈ ਇਹ ਕੈਸਾ ਮਿਲਨ ਹੈ,
ਬੰਦ ਜ਼ੁਬਾਂ ਪਰ ਵਿਚੇ ਵਿਚ ਵਿੱਸ ਘੋਲੀਏ ।

ਸਜਦੇ ਵਿਚ ਝੁਕਿਆ ਰਹੋ "ਅਮਰੀਕ" ਤੂੰ,
ਖ਼ੈਰ ਪੈ ਜਾਣੀ ਕਦੇ ਤਾਂ ਝੋਲੀਏ ।।



Sri Satguru Jagjit Singh Ji eLibrary NamdhariElibrary@gmail.com

# "ਲੰਘ ਚੱਲਿਆ ਏ"

ਲੰਘ ਚੱਲਿਆ ਏ ਜੀਵਨ ਸਾਰਾ,
ਮਨ ਨੂੰ ਮਿਲਿਆ ਨਹੀਂ ਸਹਾਰਾ।

ਕਿਸ ਨੂੰ ਕਹੀਏ ਕਿਸ ਦੀ ਸੁਣੀਏ,
ਸਭ ਦਾ ਹੁੰਦੈ ਮਸਾਂ ਗੁਜ਼ਾਰਾ ।।

ਜਿਸ ਨੂੰ ਚਾਹਿਆ ਉਹ ਨ ਮਿਲਿਆ,
ਇਸ ਉਮਰੇ ਕੀ ਕਰੀਏ ਚਾਰਾ ।

ਵਧਦਾ ਗਇਆ ਜਨੂਨ ਅਸਾਡਾ,
ਆਇਆ ਹੇਠ ਕਦੇ ਨ ਪਾਰਾ ।।

ਅਜ ਤੀਕਰ ਨ ਪੂਰਾ ਹੋਇਆ,
ਲਾਂਦੇ ਰਹੇ ਜੋ ਲੰਮਾਂ ਲਾਰਾ ।।

ਹਰ ਚਾਹਤ ਹੀ ਰਹੀ ਅਧੂਰੀ,
ਹਰ ਸਪਨਾਂ ਹੀ ਰਿਹਾ ਕਵਾਰਾ ।

ਬਿਨ ਪਤਵਾਰੋਂ ਇਸ ਕਸ਼ਤੀ ਨੂੰ,
ਮਿਲ ਸਕਿਆ ਨ ਕਦੇ ਕਿਨਾਰਾ ।।

ਤਰਸਦਿਆਂ ਹੀ ਮਰ ਨ ਜਾਈਏ,
ਕਦੇ ਤਾਂ ਮਿਲਦਾ ਪ੍ਰੀਤ ਹੁਲਾਰਾ ।

ਨਫ਼ਰਤ ਦਾ ਭੂਚਾਲ ਹੈ ਆਇਆ,
ਢਹਿ ਨ ਜਾਏ ਪਿਆਰ ਮੁਨਾਰਾ ।

ਤੂੰ "ਅਮਰੀਕ" ਤਾਂ ਪਾਗਲ ਜਾਪੇ,
ਕੀਹ ਸਮਝਾਈਏ ਤੈਨੂੰ ਯਾਰਾ ।।



Sri Satguru Jagjit Singh Ji eLibrary NamdhariElibrary@gmail.com

# "ਰਾਤ ਬਾਕੀ ਏ"

ਹੁਣੇ ਹੀ ਨ ਚਲੇ ਲਾਣਾ ਅਜੇ ਤਾਂ ਰਾਤ ਬਾਕੀ ਏ ।
ਵਿਛੋੜਾ ਨ ਅਜੇ ਪਾਣਾਂ ਅਜੇ ਤਾਂ ਰਾਤ ਬਾਕੀ ਏ ।।

ਨ ਗੱਲਾਂ ਦਿਲ ਦੀਆਂ ਹੋਈਆਂ ਨ ਸਾਰੇ ਰਾਜ਼ ਖੁਲ੍ਹ ਪਾਏ,
ਤੁਸਾਂ ਸੀ ਗੀਤ ਇਕ ਗਾਣਾਂ ਅਜੇ ਤਾਂ ਰਾਤ ਬਾਕੀ ਏ ।

ਮਸਾਂ ਹੀ ਮੰਨਤਾਂ ਮੰਨ ਕੇ ਸੁਲੱਖਣੀ ਇਹ ਘੜੀ ਆਈ,
ਨ ਮਿਲਿਆ ਕੋਈ ਨਜ਼ਰਾਨਾਂ ਅਜੇ ਤਾਂ ਰਾਤ ਬਾਕੀ ਏ ।।

ਮੇਰੇ ਚਾਵਾਂ ਤੋਂ ਹਿਜਰਾਂ ਦੀ ਅਜੇ ਉੱਲੀ ਨਹੀਂ ਉਤਰੀ,
ਨਿਰਾਸ਼ਾ ਹੀ ਨ ਦਿਲਵਾਨਾਂ ਅਜੇ ਤਾਂ ਰਾਤ ਬਾਕੀ ਏ ।

ਬਹਾਰਾਂ ਅਜ ਨੇ ਜੋਬਨ ਤੇ ਹਵਾਵਾਂ ਮਸਤੀਆਂ ਭਰੀਆਂ,
ਖ਼ੁਦਾ ਦਾ ਕਰੀਏ ਸ਼ੁਕਰਾਨਾਂ, ਅਜੇ ਤਾਂ ਰਾਤ ਬਾਕੀ ਏ।।

ਅਜੇ ਤਾਂ ਸੁਭਾਹ ਨਹੀਂ ਹੋਈ ਕਲੀ ਮਨ ਦੀ ਨਹੀਂ ਚਿਟਕੀ,
ਸ਼ੁਰੂ ਹੋਇਆ ਨ ਅਫਸਾਨਾਂ, ਅਜੇ ਤਾਂ ਰਾਤ ਬਾਕੀ ਏ ।

ਨ ਤਾਰਾ ਚੜ੍ਹਿਆ ਸਰਘੀ ਦਾ, ਨ ਪਹੁ ਫੁਟਦੀ ਅਜੇ ਜਾਪੇ,
ਬੜਾ ਮਾਹੌਲ਼ ਦੀਵਾਨਾ, ਅਜੇ ਤਾਂ ਰਾਤ ਬਾਕੀ ਏ ।

ਹੁਣੇ "ਅਮਰੀਕ" ਆਪਣੀ ਯਾਦ ਗਠੜੀ ਖੋਲ ਕੇ ਬੈਠੈ,
ਨ ਮਿਲਿਆ ਕੋਈ ਇਵਜ਼ਾਨਾਂ ਅਜੇ ਤਾਂ ਰਾਤ ਬਾਕੀ ਏ ।।



Sri Satguru Jagjit Singh Ji eLibrary NamdhariElibrary@gmail.com

# "ਪਰ ਨ ਆਏ"

ਬਹਾਰਾਂ ਤਾਂ ਆਈਆਂ ਤੁਸੀਂ ਪਰ ਨ ਆਏ ।
ਇਹ ਮੌਸਮ ਸੁਹਾਣਾਂ ਕਿਵੇਂ ਮਨ ਨੂੰ ਭਾਏ ।।

ਕਲੀ ਦਾ ਚਿਟਕਣਾਂ ਤੇ ਫੁੱਲਾਂ ਦਾ ਖਿੜਨਾਂ,
ਕਸਮ ਹੈ ਤੁਸਾਂ ਬਿਨ ਨ ਅਸਲੋਂ ਸੁਹਾਏ ।

ਤੁਸੀਂ ਆਓ ਤਾਂ ਫਿਰ ਖ਼ਿਜ਼ਾਂ ਵੀ ਬਹਾਰ ਏ,
ਤੁਸਾਂ ਬਿਨ ਬਹਾਰਾਂ ਤੇ ਪਤਝੜ ਦੇ ਸਾਏ ।।

ਬੜੀ ਦੇਰ ਹੋਈ ਤੁਸਾਂ ਤੋਂ ਵਿਛੜਿਆਂ,
ਪਤਾ ਨਹੀਂ ਅਸਾਂ ਕਿੰਜ ਸਮੇਂ ਨੇ ਬਿਤਾਏ ।

ਉਡੀਕਾਂ ਚ' ਹੀ ਬੀਤ ਜਾਏ ਉਮਰ ਨਾਂ,
ਅਸਾਂ ਹਰ ਘੜੀ ਗੀਤ ਬਿਰਹਾ ਦੇ ਗਾਏ ।।

ਕਦੋਂ ਤਕ ਸਹਾਂਗੇ ਜ਼ਮਾਨੇ ਦੇ ਤਾਹਨੇ,
ਬੁਰੇ ਹਾਲ ਲੋਕਾਂ ਨੇ ਸਾਡੇ ਬਨਾਏ ।

ਤੁਸੀਂ ਆਕੇ ਵੇਖੋ ਇਹ ਦਿਲ ਦਾ ਗੁਲਿਸਤਾਂ,
ਅਸਾਂ ਅਪਣੇ ਆਂਗਨ ਬੜੇ ਹੀ ਸਜਾਏ ।।

ਕਮੀ ਆਪ ਦੀ, ਹੋਰ ਸਭ ਕੁਝ ਹੀ ਠੀਕੇ,
ਤੁਸੀਂ ਆਓ ਹੋਵਾਂਗੇ ਦੂਣੇ ਸਵਾਏ ।

ਅਖ਼ੀਰੀ ਉਮਰ ਹੈ ਤੇ ਸਿਕ ਹੈ ਮਿਲਨ ਦੀ,
ਵਿਛੋੜੇ ਦੇ ਹੱਥੋਂ ਬੜੇ ਹੀ ਸਤਾਏ ।।

ਬਹੁਤ ਹੋ ਚੁੱਕੀ ਆਜ਼ਮਾਇਸ਼ ਅਸਾਡੀ,
ਬੜੇ ਸਿਨਹੇ "ਅਮਰੀਕ" ਹਥੀਂ ਪੁਚਾਏ ।।



Sri Satguru Jagjit Singh Ji eLibrary NamdhariElibrary@gmail.com

# "ਪਿਆਰ ਦੀ ਹੱਦ"

ਮੰਨਿਆ ਕਿ ਤੇਰੇ ਪਿਆਰ ਦੀ ਹੱਦ ਹੈ ਨਹੀਂ ਕੋਈ,
ਪਰ ਕਦਰ ਦਾਂ ਮੇਰੇ ਤੋਂ ਵੀ ਵੱਧ ਹੈ ਨਹੀਂ ਕੋਈ ।।

ਨਜ਼ਰੇ ਕਰਮ ਤੇਰੀ ਦਾ ਅੰਦਾਜ਼ਾ ਨਹੀਂ ਚਾਹੇ,
ਪਰ ਮੇਰੀ ਚਾਹਤ ਜਿਹਾ ਕੱਦ ਹੈ ਨਹੀਂ ਕੋਈ ।

ਤੂੰ ਤਾਂ ਹਰ ਪੱਖੋ ਹੈਂ ਪੂਰਾ ਕੋਈ ਸ਼ੱਕ ਨਹੀਂ,
ਪਰ ਅਧੂਰੇਪਨ ਮੇਰੇ ਦਾ ਅੱਧ ਹੈ ਨਹੀਂ ਕੋਈ ।।

ਨਾਜ਼ ਤੈਨੂੰ ਤਾਂ ਹੈਂ ਭਾਵੇਂ ਅਪਣੇ ਮਿੱਠੇ ਬੋਲ ਦਾ,
ਪਰ ਬੇ-ਸੁਰੀ ਮੇਰੇ ਜਹੀ ਸੱਦ ਹੈ ਨਹੀਂ ਕੋਈ ।

ਵਾਂਗ ਪਾਰੇ ਦੇ ਮੇਰੇ ਸਭ ਖ਼ਿਆਲ ਬਿਖਰੇ ਨੇ,
ਪਰ ਤੇਰੇ ਵਰਗਾ ਨਿਯਮ ਬੱਧ ਹੈ ਨਹੀਂ ਕੋਈ ।।

ਕਿਸ ਗੱਲ ਦਾ ਕਰਾਂ ਮਾਨ ਤੂੰ ਇਤਨਾਂ ਮਹਾਨ ਹੈ,
ਤੇਰਾ ਮੇਰਾ ਟਾਕਰਾ ਜਦ ਹੈ ਨਹੀਂ ਕੋਈ ।।



Sri Satguru Jagjit Singh Ji eLibrary NamdhariElibrary@gmail.com

# "ਬਾਝ ਤੇਰੇ"

ਬਾਝ ਤੇਰੇ ਨਹੀਂ ਜੀ ਪਾਵਾਂਗਾ ।
ਬਿਨ ਆਇਓਂ ਹੀ ਮਰ ਜਾਵਾਂਗਾ ।।

ਜਿੰਦ ਜਾਨ ਹੈ ਤੂੰ ਹੀ ਮੇਰੀ,
ਬਿਨ ਜਿੰਦ ਲਾਸ਼ ਹੀ ਕਹਿਲਾਵਾਂਗਾ ।

ਤੈਨੂੰ ਹੀ ਮੈਂ ਸਭ ਕੁਝ ਜਾਣੈ,
ਹੋਰ ਕਿਤੇ ਨ ਜੀ ਲਾਵਾਂਗਾ ।।

ਤੂੰ ਦਰਿਯਾ ਮੈਂ ਮਛਲੀ ਜੇਹਾ,
ਬਿਨ ਤੇਰੇ ਤਨ ਤੜਪਾਵਾਂਗਾ ।

ਜੀਵਨ ਤਾਂ ਹੈ ਉਲਝਣਾਂ ਭਰਿਆ,
ਬਾਝ ਤੇਰੇ ਕਿੰਜ ਸੁਲਝਾਵਾਂਗਾ ।।

ਜਦ ਤਕ ਤੂੰ ਨਹੀਂ ਮੁਖ ਦਿਖਲਾਂਦਾ,
ਯਾਦਾਂ ਵਿਚ ਮਨ ਬਹਿਲਾਵਾਂਗਾ ।

ਬਿਨ ਮਿਲਿਆਂ ਹੀ ਤੁਰ ਚੱਲਿਆ ਹੈਂ,
ਕੀਹ ਕਹਿ ਦਿਲ ਨੂੰ ਸਮਝਾਵਾਂਗਾ ।।

ਨਾਲ "ਅਮਰੀਕ" ਜਿਹਾਂ ਨੂੰ ਲੈ ਕੇ,
ਤੈਨੂੰ ਭਾਲ ਕੇ ਲੈ ਆਵਾਂਗਾ ।।



Sri Satguru Jagjit Singh Ji eLibrary NamdhariElibrary@

# "ਮਾਹੀ ਰੰਗ ਰੰਗੀਲਾ"

ਮੈਂਢਾ ਮਾਹੀ ਰੰਗ ਰੰਗੀਲਾ ਹੇ ।
ਬਹੂੰ ਭੋਲਾ ਬਹੂੰ ਸ਼ਰਮੀਲਾ ਹੇ ।।

ਊਂਦੀ ਸਿਫ਼ਤ ਕਰੂੰ ਕੇ ਡੱਸ ਮੈਂ ਕੂੰ,
ਵਲ ਸਿਫ਼ਤੋਂ ਪਰੇ ਪਰੀਲਾ ਹੇ ।

ਬੋਲੇ ਤਾਂ ਸ਼ਹਿਦ ਚੁਵੀਂਦਾ ਹੇ,
ਊਂਦਾ ਬੋਲ ਹਰੇਕ ਸ਼ੁਰੀਲਾ ਹੇ ।

ਰੇਂਦ੍ਹਾ ਹੇ ਹਰਦਮ ਮਸਤੀ ਵਿਚ,
ਪਰ ਊਂਜ ਊ ਬਹੂੰ ਸ਼ਰਮੀਲਾ ਹੇ ।।

ਊਂਦਾ ਹਰ ਕਿਰਦਾਰ ਉਚੇਰਾ ਹੇ,
ਪਰਬਤ ਜਿਓਂ ਉੱਚਾ ਟੀਲਾ ਹੇ ।

ਊਂਦੇ ਹੁਸਨ ਕੀ ਕੇ ਤਾਰੀਫ਼ ਕਰੂੰ,
ਬਹੂੰ ਸੋਹਣਾਂ ਛੈਲ ਛਬੀਲਾ ਹੇ ।।

ਸਜਰਾ ਹੇ ਲਾਲ ਗੁਲਾਬ ਜੇਹਾ,
ਸਿਓਨੇ ਤੋਂ ਵੱਧ ਚਮਕੀਲਾ ਹੇ ।

"ਅਮਰੀਕ" ਜੇ ਊਂਦਾ ਥੀ ਵੰਞੇ,
ਤਰ ਵਹਿੰਸੀ ਕੁੜਮ ਕਬੀਲ ਹੇ ।।



Sri Satguru Jagjit Singh Ji eLibrary NamdhariElibrary@gmail.com

# "ਕਾਰਵਾਂ ਚਲਦਾ ਰਿਹਾ"

ਜਿੰਦਗੀ ਦਾ ਕਾਰਵਾਂ ਚਲਦਾ ਰਿਹਾ ।
ਦਰਦ ਵੀ ਸੀਨੇ ਦੇ ਵਿਚ ਪਲਦਾ ਰਿਹਾ ।।

ਅਪਣੀਆਂ ਰਾਹਾਂ ਤੇ ਹਾਂ ਮੈਂ ਗਾਮਜ਼ਨ,
ਇਹ ਜ਼ਮਾਨਾਂ ਖ਼ਾਹ ਮਖ਼ਾਹ ਜਲਦਾ ਰਿਹਾ ।

ਦੋਸਤਾਂ ਦੀ ਦੋਸਤੀ ਨੂੰ ਵੇਖ ਕੇ,
ਮੈਂ ਹਮੇਸ਼ਾ ਹੱਥ ਹੀ ਮਲਦਾ ਰਿਹਾ ।।

ਉਸ ਦੇ ਅਬਦੀ ਹੁਸਨ ਤਾਈਂ ਵੇਖ ਕੇ,
ਚੰਨ ਸ਼ਰਮਾਂਦਾ ਰਿਹਾ ਢਲਦਾ ਰਿਹਾ ।

ਆਫ਼ਤਾਂ ਦਾ ਵੱਡਾ ਇਕ ਤੂਫਾਨ ਵੀ,
ਬਹੁਤ ਵਾਰੀ ਉੱਠ ਕੇ ਟਲਦਾ ਰਿਹਾ ।

ਦਿਲ ਦੇ ਅਰਮਾਨਾਂ ਦਾ ਇਕ ਗੁਲਜ਼ਾਰ ਵੀ,
ਉਮਰ ਭਰ ਹੀ ਫੁੱਲਦਾ ਫਲਦਾ ਰਿਹਾ ।।

ਮੇਰੇ ਹਮਦਰਦਾਂ ਦਾ ਕੱਠ ਐਸਾ ਵੀ ਸੀ,
ਮੋਠ ਸੀਨੇ ਤੇ ਸਦਾ ਦਲਦਾ ਰਿਹਾ ।

ਕੁੱਲ ਮਿਲਾ ਕੇ ਖ਼ੂਬ ਗੁਜ਼ਰੀ ਜ਼ਿੰਦਗੀ,
ਕਦਰ ਕਿਓਂ "ਅਮਰੀਕ" ਨ ਕਰਦਾ ਰਿਹਾ ।।



Sri Satguru Jagjit Singh Ji eLibrary NamdhariElibrary@gmail.com

# "ਭੁੱਲ ਨ ਸਾਨੂੰ ਪਾਓਗੇ"

ਤੁਰ ਗਏ ਪਰ ਭੁੱਲ ਨ ਸਾਨੂੰ ਪਾਓਗੇ,
ਬਿਨ ਅਸਾਡੇ ਦਿੱਲ ਕਿਵੇਂ ਬਹਿਲਾਓਗੇ ।

ਰੁਮਕ ਪਈ ਤੜਕੇ ਪੁਰੇ ਦੀ ਪੌਣ ਜਾਂ,
ਜ਼ਖਮ ਬਿਰਹਾ ਦੇ ਕਿਵੇਂ ਸਹਿਲਾਓਗੇ ।।

ਅਸੀਂ ਹਾਂ ਜਨਮਾਂ ਤੋਂ ਸਹਿੰਦੜ ਦਰਦ ਦੇ,
ਇਸ ਦਾ ਝਟਕਾ ਇਕ ਵੀ ਸਹਿ ਘਬਰਾਓਗੇ।

ਬਹੁਤ ਔਖੈ ਤੂੰ ਨਿਭਾ ਸਕਣੀ ਨਹੀਂ,
ਨੱਚ ਕੇ ਕੰਡਿਆ ਤੇ ਕਿੰਜ ਦਿਖਲਾਓਗੇ ।।

ਹੁਸਨ ਤੇਰੇ ਦੀ ਕਦਰ ਸਾਨੂੰ ਹੀ ਹੈ,
ਹੋ ਤਾਂ ਹੀਰੇ ਕਦਰ ਬਿਨ ਰੁਲ ਜਾਓਗੇ ।

ਕੌਣ ਦੱਸੋ ਨਾਜ਼ ਨਖਰੇ ਸਹੇ ਗਾ,
ਛੱਡ ਸਾਨੂੰ ਬਹੁਤ ਹੀ ਪਛਤਾਓਗੇ ।।

ਤੰਗ ਜਾਂ ਹੋਏ ਬੜੇ ਇਕਲਾਪ ਤੋਂ,
ਦਿਲ ਦੀ ਘੁੰਡੀ ਕਿਸ ਤੋਂ ਫਿਰ ਖੁਲਵਾਓਗੇ ।

ਹਾਲੇ ਦਿਲ ਸੁਣਿਆ ਤੁਸਾਂ ਦਾ ਨ ਕਿਸੇ,
ਹੈ ਯਕੀਂ "ਅਮਰੀਕ" ਨੂੰ ਮੁੜ ਆਓਗੇ ।।

ਕੌਣ ਆਖੇ ਗਾ ਚੜ੍ਹੀ ਕਾਲੀ ਘਟਾ,
ਕਾਲੀਆਂ ਜ਼ੁਲਫਾਂ ਨੂੰ ਜਦ ਬਿਖਰਾਓਗੇ ।

ਖੁਲਿਆਂ ਨੈਣਾਂ ਨੂੰ ਸਾਗਰ ਜੋ ਕਹੇ,
ਮੇਰੇ ਵਰਗਾ ਭਾਲ ਕਿਥੋਂ ਲਿਆਓਗੇ ।।



Sri Satguru Jagjit Singh Ji eLibrary NamdhariElibrary@gmail.com

# "ਗ਼ਜ਼ਲ ਦਾ ਸਾਰ"

ਪਿਆਰ ਮੇਰੀ ਹਰ ਗ਼ਜ਼ਲ ਦਾ ਸਾਰ ਹੈ,
ਹਰ ਸਤਰ ਵਿਚ ਪਿਆਰ ਦਾ ਇਜ਼ਹਾਰ ਹੈ ।

ਮੈਂ ਸਿਆਸਤ ਗ਼ਜ਼ਲ ਵਿਚ ਨਹੀਂ ਗੁਨ੍ਹਦਾ,
ਸ਼ਹਿਦ ਵਿਚ ਮਹੁਰੇ ਦਾ ਜੋ ਸੰਚਾਰ ਹੈ ।।

ਗ਼ਜ਼ਲ ਗੋਆਂ ਅਜ ਦਿਆਂ ਨੇ ਗ਼ਜ਼ਲ ਨੂੰ,
ਕਰ ਦਿੱਤਾ ਅਸਲੋਂ ਹੀ ਅੱਜ ਬੇਕਾਰ ਹੈ ।

ਸੱਜਣਾਂ ਸੰਗ ਦਿਲ ਦੀ ਘੁੰਡੀ ਖੋਲਣਾ,
ਗ਼ਜ਼ਲ ਦਾ ਇਹ ਹੀ ਅਸਲ ਸ਼ੰਗਾਰ ਹੈ।।

ਕੂੜਾ ਕਰਕਟ ਜਮ੍ਹਾਂ ਕਰਨਾਂ ਗ਼ਜ਼ਲ ਵਿਚ,
ਗ਼ਜ਼ਲ ਦੇ ਆਸ਼ੇ ਤੇ ਕੋਝਾ ਵਾਰ ਹੈ ।

ਘੱਟ ਹੀ ਗ਼ਜ਼ਲਾਂ ਪੜ੍ਹਣ ਦੇ ਯੋਗ ਨੇ,
ਬਹੁਤੀਆਂ ਨੂੰ ਪੜ੍ਹ ਕੇ ਮਨ ਬੇਜ਼ਾਰ ਹੈ।।



Sri Satguru Jagjit Singh Ji eLibrary NamdhariElibrary@gmail.com

# "ਉਮਰ ਭਰ"

ਨਾਲ ਜਿਸ ਦੇ ਮੈਂ ਨਿਭਾਹੀ ਉਮਰ ਭਰ,
ਉਸ ਕਦਰ ਮੇਰੀ ਨ ਪਾਈ ਉਮਰ ਭਰ।

ਕੰਡਿਆ ਦੀ ਸੇਜ ਤੇ ਸੌਂਦਾ ਰਿਹਾਂ,
ਆਸ ਫੁੱਲਾਂ ਦੀ ਸੀ ਲਾਈ ਉਮਰ ਭਰ।।

ਮੈਂ ਵਫ਼ਾ ਦਾ ਦਮ ਸਦਾ ਭਰਦਾ ਰਿਹਾ,
ਪਰ ਮਿਲੀ ਹੈ ਬੇ-ਵਫ਼ਾਈ ਉਮਰ ਭਰ ।

ਗ਼ਮ ਗੁਸਾਰਾਂ ਨਾਲ ਬੀਤੀ ਜ਼ਿੰਦਗੀ,
ਪਰ ਘਟਾ ਗ਼ਮ ਦੀ ਹੀ ਛਾਈ ਉਮਰ ਭਰ ।।

ਖ਼ੂਬ ਸੂਰਤ ਖ਼ਾਬ ਹੀ ਵੇਖੇ ਸਦਾ,
ਨਜ਼ਰ ਨ ਤਾਬੀਰ ਆਈ ਉਮਰ ਭਰ ।

ਦਰਦ ਦਾ ਦਾਰੂ ਬੜਾ ਹੀ ਭਾਲਿਆ,
ਪੀੜ ਪਰ ਦਾਰੂ ਵਧਾਈ ਉਮਰ ਭਰ ।।

ਬਹੁਤ ਨੇੜੇ ਰੱਬ ਦੇ ਵੱਸਦਾ ਰਿਹਾਂ,
ਪਰ ਨਹੀਂ ਹੋਇਆ ਸਹਾਈ ਉਮਰ ਭਰ ।

ਕੱਠ ਹਮਦਰਦਾਂ ਦੇ ਵਿਚ ਘਿਰਿਆ ਰਿਹਾ,
ਕਿਸ ਨੇ ਹਮਦਰਦੀ ਵਖਾਈ ਉਮਰ ਭਰ ।।



Sri Satguru Jagjit Singh Ji eLibrary NamdhariElibrary@gmail.com

# "ਵਿਹੜੇ ਵਿਚ"

ਵਿਹੜੇ ਵਿਚ ਫੁੱਲ ਅਸਾਂ ਸੋਹਣੇ ਸੋਹਣੇ ਲਾਏ ਨੇ,
ਸੱਜਣ ਅਸਾਡੇ ਕਦੇ ਵੇਖਣ ਨ ਆਏ ਨੇ ।

ਕੋਨਾਂ ਕੋਨਾਂ ਘਰ ਦਾ ਹੈ ਪੋਚਿਆ ਬੁਹਾਰਿਆ,
ਚਾਵਾਂ ਨਾਲ ਸਾਰੇ ਪਾਸੇ ਰੱਜ ਕੇ ਸਜਾਏ ਨੇ ।।

ਮਹਿਕ ਨੇ ਚੁਫਰਿਓਂ ਮਾਹੌਲ ਨੂੰ ਹੈ ਘੇਰਿਆ,
ਬੂਹੇ ਅੱਗੇ ਦਿਲਾਂ ਦੇ ਗ਼ਲੀਚੇ ਵੀ ਵਛਾਏ ਨੇ ।

ਕਿਸ ਕੰਮ ਸੱਜਣਾਂ ਬਸੰਤ ਤੇ ਬਹਾਰ ਵੇ,
ਤੇਰੇ ਬਿਨਾਂ ਉੱਕਾ ਹੀ ਸ਼ਿੰਗਾਰ ਨ ਸੁਹਾਏ ਨੇ।।

ਹੋਵੇਂ ਜੇ ਤੂੰ ਪਾਸ ਪਤਝੜਾਂ ਵੀ ਬਹਾਰਾਂ ਨੇ,
ਹਿਜਰਾਂ ਦੇ ਸਮੇਂ ਅਸਾਂ ਮਸਾਂ ਹੀ ਬਿਤਾਏ ਨੇ ।

ਕਦੋਂ ਕੁ ਤੂੰ ਆਉਣਾ ਦੱਸ ਕੌਣ ਇਹ ਹੈ ਜਾਣਦਾ,
ਚਾਨਣੇ ਚੁਫੇਰੇ ਅਸਾਂ ਨ੍ਹੇਰੇ ਹੀ ਹੰਢਾਏ ਨੇ ।।

ਆਵੇਂਗਾ ਤੇ ਦਿਲਾਂ ਦੀਆਂ ਘੁੰਡੀਆਂ ਤੂੰ ਖੋਲਾਂਗੇ,
ਦੱਸਾਂਗੇ ਕਿ ਕਿਵੇਂ ਝੱਟ ਅਸਾਂ ਨੇ ਲੰਘਾਏ ਨੇ ।

ਕਹੇ "ਅਮਰੀਕ" ਹੱਦ ਹੋਈਏ ਉਡੀਕ ਵਾਲੀ,
ਹੰਝੂਆਂ ਦੇ ਢੇਰ ਅਸਾਂ ਝੋਲੀ ਚ' ਪੁਆਏ ਨੇ ।।



Sri Satguru Jagjit Singh Ji eLibrary NamdhariElibrary@gmail.com

# "ਕੰਡਿਆਂ ਕੋਲ"

ਵੱਸਦੇ ਹਾਂ ਅਸੀਂ ਕੰਡਿਆ ਕੋਲ ।
ਸੁਣਦੇ ਹਾਂ ਨਿਤ ਖੁਰਵੇ ਬੋਲ ।।

ਚੀਰ ਵਖਾਇਆ ਦਿਲ ਤਾਂ ਉਹਨਾਂ,
ਇਸ ਨੂੰ ਦਿੱਤਾ ਪਕੜ ਮਧੋਲ ।

ਪਿਆਰ ਦੀ ਖ਼ੈਰ ਅਸਾਂ ਜਦ ਮੰਗੀ,
ਭੰਨ ਸੁੱਟਿਆ ਸਾਡਾ ਕਸ਼ਕੋਲ ।।

ਨਫ਼ਰਤ ਦੇ ਵਣਜਾਰੇ ਵੇਖੇ,
ਥਾਂ ਥਾਂ ਕਰਦੇ ਰੋਲ ਗਦੋਲ ।

ਨੇਤਾਵਾਂ ਨੇ ਲਾਂਬੂ ਫੜਿਆ,
ਕੌਣ ਕਰੇ ਗਾ ਸ਼ਾਂਤ ਮਾਹੌਲ ।।

ਇਕ ਦੂਜੇ ਨੂੰ ਲੁੱਟਣਾਂ ਲੋਚਣ,
ਦਾਅ ਲਾਵਨ ਲਈ ਬੈਠਣ ਕੋਲ ।

ਬਾਹਰੋਂ ਲਿਸ਼ਕਣ ਅੰਦਰੋ ਕੋਝੇ,
ਹਰ ਇਕ ਮੂੰਹ ਤੇ ਚੜ੍ਹਿਆ ਝੋਲ।।

ਕੋਲ ਗਿਆਂ ਤਾਂ ਗੜਬੜ ਜਾਪੇ,
ਦੂਰੋਂ ਲੱਗਣ ਸੁਹਾਣੇ ਢੋਲ ।

ਸਿੱਧਰੇ ਪੱਧਰੇ ਲੋਕਾਂ ਤਾਈਂ,
ਕਰ ਸੁਟਿਆ ਚਾਲਾਕਾਂ ਗੋਲ ।।



Sri Satguru Jagjit Singh Ji eLibrary NamdhariElibrary@gmail.com

# "ਗੁੱਝੀਆਂ ਰਮਜ਼ਾਂ"

ਗੁੱਝੀਆਂ ਰਮਜ਼ਾਂ ਮਾਰ ਹੀ ਕੁਝ ਸਮਝਾਂਦੇ ਓ,
ਦਿਲ ਦੀ ਗਲ ਨੂੰ ਕਹਿਣੋ ਕਿਓਂ ਸ਼ਰਮਾਂਦੇ ਓ ।

ਅਸੀਂ ਤੁਸਾਂ ਦੇ ਪਿਆਰ ਚ' ਪਾਗਲ ਹੋਏ ਹਾਂ,
ਭੰਬਲ ਭੂਸਿਆਂ ਵਿਚ ਕਿਓਂ ਸਾਨੂੰ ਪਾਂਦੇ ਓ ।।

ਚੋਣਾਂ ਵਿਚ ਨੇਤਾਵਾਂ ਵਾਂਗੂ ਸੱਜਣ ਜੀ,
ਮੈਨੀ-ਫ਼ੈਸਟੋ ਨਿਤ ਨਵੇਂ ਛਪਵਾਂਦੇ ਓ ।

ਕੇਵਲ ਇਕ ਦੀਦਾਰ ਅਸਾਡੀ ਖ਼ਾਹਸ਼ ਸੀ,
ਅਜ ਦੇ ਵੋਟਰ ਵਾਂਗੂ ਕਿਓਂ ਟਰਕਾਂਦੇ ਓ ।।

ਪਿਆਰ ਸਿਆਸਤ ਨਹੀਂ ਪਵਿਤਰ ਜਜ਼ਬਾ ਏ,
ਇਸ ਨੂੰ ਮਿੱਟੀ ਵਿਚ ਪੈ ਕਿਓਂ ਮਿਲਾਂਦੇ ਓ ।

ਗ਼ਜ਼ਲ ਪਿਆਰ ਦੀ ਗੱਲ ਦਾ ਇਕ ਜ਼ਰੀਆ ਹੈ,
ਇਸ ਵਿਚ ਹੋਰ ਗ਼ਿਲਾਜ਼ਤ ਕਿਓਂ ਰਲਾਂਦੇ ਓ ।।

ਉਮਰਾਂ ਭਰ ਬੱਸ ਪਿਆਰ ਦਾ ਅੱਖਰ ਪੜ੍ਹਿਆ ਏ,
ਹੋਰ ਪਾੜ੍ਹਤਾਂ ਸਾਨੂੰ ਕਿਓਂ ਪੜ੍ਹਾਂਦੇ ਓ ।

ਦਿਲ ਦੇ ਬਦਲੇ ਦਿਲ "ਅਮਰੀਕ" ਨੇ ਮੰਗਿਆ ਸੀ,
ਇਸ ਸੌਦੇ ਵਿਚ ਦਾਅ ਕਿਓਂ ਸਾਨੂੰ ਲਾਂਦੇ ਹੋ ।।



Sri Satguru Jagjit Singh Ji eLibrary NamdhariElibrary@gmail.com

# "ਮਹਿਰਮ ਯਾਰ"

ਕਿਸ ਨੂੰ ਮਹਿਰਮ ਯਾਰ ਬਨਾਈਏ,
ਕਿੱਥੇ ਜਾਕੇ ਦਰਦ ਵੰਡਾਈਏ ।

ਜੇ ਨ ਤੋੜ ਨਿਭਾਣੀ ਹੋਵੇ,
ਝੂਠੇ ਲਾਰੇ ਕਦੇ ਨ ਲਾਈਏ ।।

ਦਿਲ ਨਾਜ਼ੁਕ ਹੈ ਸ਼ੀਸ਼ੇ ਵਰਗਾ,
ਮਾਰ ਹਥੌੜਾ ਨ ਖੜਕਾਈਏ ।

ਕਿਸ ਨੂੰ ਕਹੀਏ ਦਿਲ ਦੀ ਵੇਦਨ,
ਕਿਸ ਨੂੰ ਅਪਣਾ ਹਾਲ ਸੁਨਾਈਏ ।।

ਨਾੜ ਨਾੜ ਚੋਂ ਨਫ਼ਰਤ ਚੋਵੇ,
ਕਿੱਥੇ ਜਾ ਕੇ ਝੱਟ ਲੰਘਾਈਏ ।

ਰਹਿਬਰ ਹੀ ਜਦ ਰਹਿਜ਼ਨ ਹੋਏ,
ਅਪਣਾਂ ਆਪਾ ਕਿਵੇਂ ਬਚਾਈਏ ।।

ਮਨਜ਼ਲ ਦੂਰ ਤੇ ਬਿਖੜਾ ਪੈਂਡਾ,
ਕੱਲਿਆਂ ਕੀਕਰ ਸਫ਼ਰ ਮੁਕਾਈਏ ।

ਐ "ਅਮਰੀਕ" ਇਹ ਦਿਲ ਦੀ ਦੁਨੀਆ,
ਉਜੜ ਰਹੀ ਏ ਕਿੰਜ ਵਸਾਈਏ ।।



Sri Satguru Jagjit Singh Ji eLibrary NamdhariElibrary@gmail.com

# "ਬਹਿ ਕੇ ਵੇਖ"

ਕੋਲ ਅਸਾਡੇ ਬਹਿ ਕੇ ਵੇਖ,
ਇਕ ਪਲ ਦੁਖੜੇ ਸਹਿ ਕੇ ਵੇਖ ।

ਧਰਤੀ ਤੇ ਕੀਹ ਵਰਤ ਰਿਹਾ ਏ,
ਅੰਬਰੋਂ ਹੇਠਾਂ ਲਹਿ ਕੇ ਵੇਖ ।

ਨਫ਼ਰਤ ਥਾਂ ਥਾਂ ਰੱਤ ਵਹਾਈ,
ਪਿਆਰ ਦੇ ਵਹਿਣੀ ਵਹਿ ਕੇ ਵੇਖ ।।

ਜੰਗਲ ਦੀ ਅੱਗ ਬਣ ਜਾਏ ਗੀ,
ਬਾਂਸਾਂ ਵਾਂਗ ਨ ਖਹਿ ਕੇ ਵੇਖ ।

ਮਹਿਲਾਂ ਵਿਚ ਹੀ ਕੈਦ ਰਹੀਂ ਨਾਂ,
ਝੁੱਗੀਆਂ ਵਿਚ ਵੀ ਰਹਿ ਕੇ ਵੇਖ ।।

ਮਾੜਿਆਂ ਨਾਲ ਹੀ ਉਲਝਿਆ ਨ ਕਰ,
ਤਗੜਿਆਂ ਨਾਲ ਵੀ ਡਹਿ ਕੇ ਵੇਖ ।

ਤੰਗ ਨ ਕਰ "ਅਮਰੀਕ" ਜਿਹਾਂ ਨੂੰ,
ਪਿਆਰ ਦੀ ਗੱਲ ਵੀ ਕਹਿ ਕੇ ਵੇਖ ।।



Sri Satguru Jagjit Singh Ji eLibrary NamdhariElibrary@gmail.com

# "ਸੁਣੀ ਨ ਯਾਰ"

ਮੂੰਹ ਤੇ ਸਿਫ਼ਤ ਸੁਣੀ ਨ ਯਾਰ,
ਹੋ ਜਾਂਦੈ ਏਦਾਂ ਹੰਕਾਰ ।

ਫੂਕ ਛਕਾਵਨ ਵਾਲੇ ਵੇਖੀਂ,
ਕਰ ਦੇਂਦੇ ਆਪੇ ਤੋਂ ਬਾਹਰ ।।

ਗੁਣ ਤਾਂ ਦੁਸ਼ਮਨ ਦੇ ਮੂਹੋਂ ਵੀ,
ਦੇਂਦੇ ਨੇ ਕਰਵਾ ਇਜ਼ਹਾਰ ।

ਸਭ ਚਿਮਚੇ ਨੇ ਇੱਕੋ ਜੇਹੇ,
ਕਿਸੇ ਦੀ ਵੀ ਨ ਸੁਣ ਟੁਨਕਾਰ ।।

ਝੋਲੀ ਚੁੱਕਾਂ ਦੇ ਘੇਰੇ ਚੋਂ,
ਬਾਹਰ ਨਿਕਲ ਕੇ ਝਾਤੀ ਮਾਰ ।

ਦਰਦ ਕਿਸੇ ਦਾ ਜੇ ਵੰਡ ਦੇ ਹੋ,
ਰੱਬ ਦੇ ਨਾਲ ਹੈ ਸੱਚਾ ਪਿਆਰ ।

ਚਾਪ-ਲੂਸ ਤਾਂ ਅੱਧ ਵਿਚ ਰਖਦੇ,
ਕਦੇ ਨ ਕਰਦੇ ਬੇੜਾ ਪਾਰ ।

ਗਹਿਰ ਗੰਭੀਰ "ਅਮਰੀਕ" ਜੀ ਰਹੀਏ,
ਜੇ ਰੱਬ ਦਿਤੇ ਗੁਣ ਦੋ ਚਾਰ ।।



Sri Satguru Jagjit Singh Ji eLibrary NamdhariElibrary@gmail.com

# "ਬੇਬੱਸ ਜਹੀ"

ਜ਼ਿੰਦਗੀ ਹੋ ਜਾਏ ਨ ਬੇਬੱਸ ਜਿਹੀ,
ਰੱਖੀਏ ਇਸ ਨੂੰ ਸਦਾ ਇਕ ਰੱਸ ਜਿਹੀ ।

ਔਕੜਾਂ ਦੇ ਘੁਪ ਹਨੇਰੇ ਵਿਚ ਵੀ,
ਹੌਸਲੇ ਦੀ ਜਗਦੀ ਰਖੀਏ ਲੱਸ ਜਿਹੀ ।।

ਨਫਰਤਾਂ ਚੋਭਾਂ ਦੇ ਚਲਦੇ ਦੌਰ ਵਿਚ,
ਪਿਆਰ ਦੀ ਪੈਂਦੀ ਰਹੇ ਇਕ ਦੱਸ ਜਿਹੀ ।

ਵਿਚ ਨਿਰਾਸ਼ਾ ਡੁੱਬ ਨ ਜਾਏ ਇਹ ਜਹਾਂ,
ਆਸ ਦੀ ਚੜ੍ਹਦੀ ਰਹੇ ਇਦ ਚੱਸ ਜਿਹੀ ।।

ਸੁੱਨੀਆਂ ਹੋ ਜਾਣ ਇਹ ਨ ਮਹਿਫ਼ਲਾਂ,
ਸਾਕੀਆ ਇਹ ਗਲ ਹੈ ਤੇਰੇ ਵੱਸ ਜਿਹੀ ।

ਗ਼ਜ਼ਲ ਜਿਸ ਵਿਚ ਸੁਰ ਨਹੀਂ ਸਰਗਮ ਨਹੀਂ,
ਨਜ਼ਮ ਉਹ ਹੈ ਇਕ ਤਰਾਂ ਨੀਰੱਸ ਜਿਹੀ ।।

ਦੌਣ-ਢਿੱਲੀ ਹੈ ਜ਼ਮਾਨੇ ਦੀ ਬੜੀ,
ਪਰ ਵਫ਼ਾ ਦੀ ਹੈ ਕਿਤੇ ਕੁਝ ਕੱਸ ਜਿਹੀ ।

ਫਿਕਰ ਹੈ "ਅਮਰੀਕ" ਨੂੰ ਕਿਸ ਗੱਲ ਦਾ,
ਯਾਰ ਮਿਲਿਆ ਹੋ ਗਈ ਬੱਸ ਬੱਸ ਜਿਹੀ ।।



Sri Satguru Jagjit Singh Ji eLibrary NamdhariElibrary@gmail.com

# "ਸੱਜਣਾਂ ਪਾਸ"

ਦਿਲ ਸਾਡਾ ਏ ਸੱਜਣਾਂ ਪਾਸ,
ਘਰੇ ਹੰਢਾਂਦੇ ਹਾਂ ਬਨ ਬਾਸ ।

ਥਰ ਹਰ ਕੰਬ ਰਹੇ ਇਸ ਮਨ ਨੂੰ,
ਕੌਣ ਦਵੇ ਧੀਰਜ ਧਰਵਾਸ ।।

ਯਾਦ ਸਜਣ ਦੀ ਬਿਨ ਜੋ ਬੀਤੇ,
ਅਰਥ ਹੀਣ ਉਹ ਜਾਣ ਸੁਆਸ ।

ਨਜ਼ਰ ਮਿਹਰ ਦੀ ਨਾਲ ਜੋ ਤਕਿਆ,
ਹੋਇਆ ਖ਼ਤਮ ਵਿਰੋਧਾਭਾਸ ।।

ਕੋਲ ਸੱਜਣ ਦੇ ਬੈਠਿਆਂ ਮੈਨੂੰ,
ਜੰਨਤ ਦਾ ਹੁੰਦੈ ਅਹਿਸਾਸ ।

ਮੇਰੇ ਜਿਹਾਂ ਨੂੰ ਉਸ ਨੇ ਕੀਤਾ,
ਇਕ ਪਲ ਦੇ ਵਿਚ ਆਮ ਤੋਂ ਖ਼ਾਸ ।।

ਦਿਲ ਇਕੋ ਜੋ ਅਰਪਨ ਕੀਤਾ,
ਹੋਰ ਨਹੀਂ ਕੁਝ ਸਾਡੀ ਰਾਸ ।

ਮਿਲਿਆਂ ਮੁੱਕਣੀ ਸਾਰੀ ਦੁਬਿਧਾ,
ਹਰ ਸੰਕਟ ਦਾ ਹੋਣਾਂ ਨਾਸ ।।



Sri Satguru Jagjit Singh Ji eLibrary NamdhariElibrary@gmail.com

# "ਸਮੇਂ ਦਾ ਬੋਲ ਹਾਂ"

ਮੈਂ ਨਹੀਂ ਧੂਤਾ ਸਮੇਂ ਦਾ ਬੋਲ ਹਾਂ,
ਖੋਲ੍ਹਦਾ ਮੈਂ ਢੋਲ ਦਾ ਨਿੱਤ ਪੋਲ ਹਾਂ ।

ਜੋ ਵੀ ਆਵੇ ਫੜ ਕੇ ਮੈਨੂੰ ਵਰਤ ਲੈ,
ਖੂਹ ਦੇ ਉੱਤੇ ਮੈਂ ਪਿਆ ਨ ਡੋਲ ਹਾਂ।।

ਮੈਂ ਅਲਾਰਮ ਬਣ ਜਗਾਵਾਂ ਜਗਤ ਨੂੰ,
ਨੀਂਦਰਾਂ ਸੁੱਤਿਆਂ ਦੀ ਦੇਂਦਾ ਖੋਲ੍ਹ ਹਾਂ ।

ਖ਼ਾਸ ਲੋਕਾਂ ਤੋਂ ਰਿਹਾ ਹਾਂ ਦੂਰ ਹੀ,
ਆਮ ਲੋਕਾਂ ਦੇ ਸਦਾ ਹੀ ਕੋਲ ਹਾਂ ।।

ਔਕੜਾਂ ਤੇ ਸੰਕਟਾਂ ਦੇ ਦੌਰ ਵਿਚ,
ਰੱਖਦਾ ਸਾਵਾਂ ਮੈਂ ਅਪਣਾਂ ਤੋਲ ਹਾਂ ।

ਪਿਆਰ ਦੀ ਜੇ ਖ਼ੈਰ ਹੈ ਤਾਂ ਪਾ ਦਿਓ,
ਹੱਥ ਵਿਚ ਫੜਕੇ ਖੜਾ ਕਸ਼ਕੋਲ ਰਹੇ ।।

ਹਰ ਕਸੈਲੇਪਨ ਕੁੜਿਤਨ ਵਿਚ ਮੈਂ,
ਮਿੱਠਤਾਂ ਦੇਂਦਾ ਸਦੀਵੀ ਘੋਲ ਹਾਂ ।

ਵਕਤ ਦੇ ਘੋੜੇ ਦਾ ਸ਼ਾਹਅਸਵਾਰ ਹਾਂ,
ਹਰ ਸ਼ਰਾਰਤ ਇਸ ਦੀ ਲੈਂਦਾ ਟੋਲ ਹਾਂ ।।

ਕੌਣ ਲੋਟੂ ਹੈ ਲੁਟੀਂਦਾ ਕੌਣ ਹੈ,
ਜਾਣਦਾ ਸਭ ਕੁਝ ਨਹੀਂ ਅਨਭੋਲ ਹਾਂ।

ਕਰਨੀ ਚਾਹੁਣ ਜੋ ਜ਼ੁਬਾਂ ਬੰਦੀ ਮੇਰੀ,
ਖਾਕ ਵਿਚ "ਅਮਰੀਕ" ਦੇਂਦਾ ਰੋਲ ਹਾਂ ।।



Sri Satguru Jagjit Singh Ji eLibrary NamdhariElibrary@gmail.com

# "ਚਿਮਚਿਓ"

ਚਿਮਚਿਓ ਚਮਚਾਗਰੀ ਕੁਝ ਘੱਟ ਕਰੋ,
ਪਾੜ ਕੇ ਇਕ ਜਿਸਮ ਨ ਦੋ ਫੱਟ ਕਰੋ ।।

ਖੇਤ ਨੂੰ ਖਾਓ ਮਗਰ ਕੁਝ ਸੰਭਲ ਕੇ,
ਟਹਿਣੀਆਂ ਟੰਡਲਾਂ ਨੂੰ ਹੀ ਨ ਚੱਟ ਕਰੋ ।

ਕਿਰਤ ਕਰ ਖਾਓ ਸ਼ੁਕਰ ਤੇ ਸਬਰ ਕਰ,
ਦੂਜਿਆਂ ਦਾ ਖ਼ੂਨ ਨ ਗੱਟ ਗੱਟ ਕਰੋ ।।

ਸ਼ਾਂਤ ਨ ਲੋਕਾਂ ਦਾ ਮਨ ਜੇ ਕਰ ਸਕੋ,
ਮਾਰ ਫੂਕਾਂ ਹੋਰ ਨ ਲਟ ਲਟ ਕਰੋ ।

ਵਿਗੜਦੇ ਕੰਮ ਜੇ ਸਵਾਰਨ ਜੋਗ ਨਹੀਂ,
ਸੌਰਦੇ ਹੋਏ ਨ ਫਿਰ ਚੌਪਟ ਕਰੋ ।।

ਝੂਠੀਆਂ ਹਮਦਰਦੀਆਂ ਹੁਣ-ਛੱਡ ਦਿਓ,
ਸੱਚ ਦੀ ਖੁਲੀ ਜ਼ਰਾ ਚੌਖਟ ਕਰੋ ।

ਲੋਭ ਖ਼ਾਤਰ ਨ ਤਜੋ ਇਨਸਾਨੀਅਤ,
ਹੋਰ ਉੱਚੀ ਨ ਮਨਾਂ ਦੀ ਵੱਟ ਕਰੋ ।।

ਮਿਲ ਕੇ ਵੀ ਬੈਠਨ ਦਿਓ ਮਖ਼ਲੂਕ ਨੂੰ,
ਫੁਟ ਦਾ ਪਰਬੰਧ ਨ ਝੱਟ ਪਟ ਕਰੋ ।

ਰੌਣਕਾਂ "ਅਮਰੀਕ" ਜੇ ਨਹੀਂ ਜਚਦੀਆਂ,
ਸੁੰਞੀਆਂ ਨ ਤਰਿੰਜਨਾਂ ਪਨਘਟ ਕਰੋ ।।



Sri Satguru Jagjit Singh Ji eLibrary NamdhariElibrary@gmail.com

# "ਕਾਹਦਾ ਕਵੀ ਏ"

ਵਕਤ ਦੀ ਜੋ ਗੱਲ ਨਹੀਂ ਕਰਦਾ ਉਹ ਕਾਹਦਾ ਕਵੀ ਏ ।
ਸੱਚ ਆਖਣ ਤੋਂ ਰਹੇ ਡਰਦਾ ਓਹ ਕਾਹਦਾ ਕਵੀ ਏ ।।

ਸ਼ਬਦ ਜੋੜਾਂ ਨਾਲ ਕੇਵਲ ਪੇਟ ਕਾਗ਼ਜ਼ ਦਾ ਭਰੇ,
ਦੁੱਖ ਲੋਕਾਂ ਦਾ ਨਹੀਂ ਹਰਦਾ ਉਹ ਕਾਹਦਾ ਕਵੀ ਏ ।

ਜੋ ਜ਼ਮਾਨੇ ਦੀ ਬਦਲਦੀ ਨਬਜ਼ ਨਹੀਂ ਪਹਿਚਾਣਦਾ,
ਦੁਖਦੀ ਰਗ ਤੇ ਹੱਥ ਨਹੀਂ ਧਰਦਾ ਉਹ ਕਾਹਦਾ ਕਵੀ ਏ ।।

ਸਾਹਮਣੇ ਤਲਵਾਰ ਦੇ ਵੀ ਸੱਚ ਕਹਿਣੋ ਨ ਟਲੇ,
ਮਰਨ ਤੋਂ ਡਰਦਾ ਕਰੇ ਪਰਦਾ ਉਹ ਕਾਹਦਾ ਕਵੀ ਏ ।

ਕਿਸੇ ਦਾ ਵੀ ਨੁਕਸ ਉਸ ਦੇ ਮੂੰਹ ਤੇ ਇਕ ਦਮ ਕਹਿ ਦਵੇ,
ਆਪਣੇ ਵੀ ਦੋਸ਼ ਦਾ ਜੋ ਕਰੇ ਪਰਦਾ, ਉਹ ਕਾਹਦਾ ਕਵੀ ਏ ।।

ਫੂਕ ਦੇਂਦਾ ਏ ਜੋ ਝੂਠੀ ਮਤਲਬਾਂ ਦੇ ਵਾਸਤੇ,
ਡੂਮ ਬਣਿਆ ਬਿਨ ਨਹੀਂ ਸਰਦਾ ਉਹ ਕਾਹਦਾ ਕਵੀ ਏ ।

ਪੀੜ ਲੋਕਾਂ ਦੀ ਨੂੰ ਜੋ "ਅਮਰੀਕ" ਨਹੀਂ ਮਹਿਸੂਸਦਾ,
ਅੱਖ ਚੋਂ ਹੰਝੂ ਨਹੀਂ ਝਰਦਾ ਉਹ ਕਾਹਦਾ ਕਵੀ ਏ ।।



Sri Satguru Jagjit Singh Ji eLibrary NamdhariElibrary@gmail.com

# "ਨਹੀਂ ਅਜਨਬੀ"

ਨਹੀਂ ਅਜਨਬੀ ਮੈਂ ਜ਼ਰਾ ਪਾਸ ਆਓ ।
ਮੇਰੇ ਦਿਲ ਦੀ ਧੜਕਨ ਜ਼ਰਾ ਸੁਣ ਕੇ ਜਾਓ ।

ਮੇਰੇ ਨੇੜ ਤੋਂ ਹੋ ਗਈ ਕਿਓਂ ਅਲਰਜੀ,
ਮੈਂ ਓਹ ਹੀ ਹਾਂ ਪਹਿਚਾਣ ਅਜ ਨ ਭੁਲਾਓ ।।

ਤੁਸੀਂ ਗੁੱਸੇ ਵਿਚ ਤਾਂ ਨਹੀਂ ਉੱਕਾ ਫੱਬਦੇ,
ਨਹੀਂ ਖੁਲ੍ਹ ਕੇ ਹੱਸਣਾਂ ਜ਼ਰਾ ਮੁਸਕਰਾਓ ।

ਜੋ ਕਰ ਦੇਂਦੀਆਂ ਨੇ ਦੀਵਾਨਾਂ ਸਭਸ ਨੂੰ,
ਅਦਾਵਾਂ ਜ਼ਰਾ ਉਹੀ ਮੁੜ ਕੇ ਵਖਾਓ ।।

ਤੁਸੀਂ ਕਿਓਂ ਹੋ ਗੁੰਮ ਸੁੰਮ ਸਮਝ ਵਿਚ ਨ ਆਇਆ,
ਜ਼ਰਾ ਭੇਤ ਦਿਲ ਦੇ ਤੋਂ ਜਾਣੂ ਕਰਾਓ ।

ਬਿਨਾ ਮਤਲਬੋਂ ਰੋਜ਼ ਰੁੱਸ ਰੁੱਸ ਹੋ ਬਹਿੰਦੇ,
ਉਮਰ ਏਸ ਵਿਚ ਇਹ ਝਟਕੇ ਨ ਲਾਓ ।।

ਮੈਂ ਮੰਨਦਾਂ ਤੁਸੀਂ ਹੋ ਹੁਸੀਂ ਬਹੁਤ ਪਿਆਰੇ,
ਵਡ਼੍ਹਾ ਮੇਰੀ ਦਾ ਵੀ ਤਾਂ ਅੰਦਾਜ਼ਾ ਲਾਓ ।

ਇਸ਼ਕ ਵਿਚ ਮੇਰੀ ਥਾਂ ਹੈ ਉੱਚੀ ਉਚੇਰੀ,
ਤੁਸੀਂ ਉਸ ਉਚਾਈ ਦੇ ਤੁਲ ਹੱਥ ਉਠਾਓ ।।

ਕਦੋਂ ਤਕ ਜੀਆਂਗਾ ਨਿਰੇ ਵਹਿਦਿਆਂ ਤੇ,
ਉਮਰ ਮੇਰੀ ਦਾ ਹੈ, ਅਖ਼ੀਰੀ ਪੜਾਓ ।

ਗਿਆ ਬਚਪਣਾਂ ਤੇ ਜਵਾਨੀ ਰਹੀ ਨ,
ਬੁਢੇਪੇ ਨੂੰ "ਅਮਰੀਕ" ਸਫ਼ਲਾ ਬਨਾਓ ।।



Sri Satguru Jagjit Singh Ji eLibrary NamdhariElibrary@gmail.com

# "ਪਾਰਸ ਨ ਹੋਇਆ"

ਮੈਂ ਪਾਰਸ ਨੂੰ ਛੂਹ ਕੇ ਵੀ ਪਾਰਸ ਨ ਬਣਿਆ,
ਕਿਸ ਲੋਹੇ ਦੀ ਕਿਸਮ ਵਿਚ ਜਾਵਾਗਾਂ ਗਣਿਆ ।

ਸਾਰੀ ਉਮਰ ਰਸੈਣੀਆਂ ਦੇ ਕੋਲ ਹਾਂ ਵੱਸਿਆ,
ਫੇਰ ਵੀ ਤੰਗੀਆਂ ਤੁਰਸ਼ੀਆਂ ਨੇ ਤਾਣਾ ਤਣਿਆ ।

ਤੇਲੀ ਅਸਾਂ ਸਹੇੜਿਆ ਪਰ ਰੁੱਖੀ ਖਾਧੀ,
ਕਿਹੜੇ ਭੈੜੇ ਵਾਰ ਮਾਪਿਆਂ ਮੈਨੂੰ ਜਨਿਆਂ ।

ਬਹੁਤ ਸਿਆਣੇ ਸਾਥੀਆਂ ਮੈਨੂੰ ਪੀਠਾ ਛਾਤਾ,
ਸਮੇਂ ਦੀ ਸੰਘਣੀ ਛਾਨਣੀ ਤੋਂ ਗਿਆ ਨ ਛਣਿਆ ।

ਸਭ ਕੁਝ ਭਾਵੇਂ ਜਾਣਿਆ ਪਰ ਕੁਝ ਨ ਜਾਤਾ,
ਦਲਿਆ ਹੈ ਹਾਲਾਤ ਨੇ ਮੈਨੂੰ ਵਾਂਗਰਾਂ ਚਣਿਆ ।

ਖੂਹ ਕੰਢੇ ਵੀ ਬੈਠ ਕੇ ਮੈਂ ਰਿਹਾ ਪਿਆਸਾ,
ਜਿੱਥੇ ਵੀ ਮੈਂ ਗਿਆ ਰਿਹਾ ਅਜ ਤਕ ਅਣ ਮਣਿਆਂ।

ਹਾਤਮ ਤਾਈਆਂ ਨਾਲ ਮੈਂ ਸਾਰੀ ਉਮਰ ਗੁਜ਼ਾਰੀ,
ਦਾਮਨ ਖ਼ਾਲੀ ਰਹਿ ਗਿਆ ਹੱਥਾਂ ਵਿਚ ਤਣਿਆ ।

ਚੌਰਾਹੇ ਵਿਚ ਖੜਾ ਹੈ "ਅਮਰੀਕ" ਅਜੇ ਵੀ,
ਕੋਈ ਨ ਐਪਰ ਅਜੇ ਤਕ ਹਮਦਰਦ ਹੈ ਬਣਿਆ ।



Sri Satguru Jagjit Singh Ji eLibrary NamdhariElibrary@gmail.com

# "ਫੁੱਲ ਗੁਲਾਬ"

ਕੰਡਿਆਂ ਦੇ ਵਿਚ ਘਿਰਿਆ ਫੁਲ ਗੁਲਾਬ ਹੈ ਤੂੰ,
ਮਹਿਕਾਂ ਫੇਰ ਵੀ ਵੰਡਦਾ ਬਿਨਾ ਹਿਸਾਬ ਹੈ ਤੂੰ ।

ਜਿਸ ਦੇ ਚੱਖਿਆਂ ਹੋਰ ਨ ਕੋਈ ਸੁਆਦ ਰਹੇ,
ਇਕ ਐਸਾ ਹੀ ਦਾਣਾਂ ਲਾਲ ਓਨਾਬ ਹੈ ਤੂੰ ।।

ਦਾਇਮੀ ਰਹੇ ਬਹਾਰ ਨ ਪਤਝੜ ਆਉਂਦੀ ਏ,
ਖ਼ੁਸ਼ੀਆਂ ਖੇੜਿਆਂ ਭਰਿਆ ਦੇਸ਼ ਪੰਜਾਬ ਹੈ ਤੂੰ ।

ਜਿਸ ਨੂੰ ਤਕਿਆਂ ਠੰਢ ਸੀਨੇ ਵਿਚ ਰਚਦੀ ਏ,
ਚੌਧਵੀਂ ਰਾਤ ਦਾ ਪੂਰਾ ਜਿਵੇਂ ਮਹਿਤਾਬ ਹੈਂ ਤੂੰ ।।

ਹਸ਼ਰ ਤੀਕ ਵੀ ਆਉਣਾਂ ਕਦੇ ਜ਼ਵਾਲ ਨਹੀਂ,
ਕੁਦਰਤ ਦਾ ਇਕ ਅਬਦੀ ਹੁਸਨ ਸ਼ਬਾਬ ਹੈ ਤੂੰ ।

ਮਧਹੋਸ਼ੀ ਹੀ ਬੱਸ ਜਿਸਦੀ ਤਾਬੀਰ ਬਣੇ,
ਵਿਚ ਜਵਾਨੀ ਆਇਆ ਐਸਾ ਖ਼ਾਬ ਹੈ ਤੂੰ ।।

ਜੋ ਪੀਂਦੈ ਉਹ ਮਸਤ ਹੋ ਨੱਚਦਾ ਫਿਰਦਾ ਏ,
ਨਜ਼ਰਾਂ ਨਾਲ ਪਿਲਾਂਦਾ ਨਿੱਤ ਸ਼ਰਾਬ ਹੈਂ ਤੂੰ ।

ਨੇੜ ਤੇਰੇ ਵਿਚ ਸਵਰਗ ਦਾ ਝੌਲਾ ਪੈਂਦਾ ਏ,
ਮਿਲੇ ਤਾਂ ਜਾਪੇ ਖੁਸ਼ੀਆਂ ਦਾ ਸੈਲਾਬ ਹੈ ਤੂੰ ।।

ਕੀਹ ਤਸ਼ਬੀਹ ਮੈਂ ਦੇਵਾਂ ਮਿਠਿਆਂ ਬੋਲਾਂ ਦੀ,
ਸ਼ਹਿਨਾਈ ਸੰਤੂਰ, ਸਰੋਦ ਰਬਾਬ ਹੈ ਤੂੰ ।

ਸਾਰੀ ਓਮਰਾ ਜੋ "ਅਮਰੀਕ" ਨ ਪੜ ਸਕਿਆ,
ਪਿਆਰ ਦੀ ਪੁਸਤਕ ਦਾ ਇਕ, ਸੌਖਾ ਬਾਬ ਹੈਂ ਤੂੰ ।।



Sri Satguru Jagjit Singh Ji eLibrary NamdhariElibrary@gmail.com

# "ਧਰਤੀਓਂ ਉੱਚਾ"

ਧਰਤੀਓਂ ਉੱਚਾ ਜਿਓਂ ਅਸਮਾਨ ਹੈ।
ਓਸ ਤੋਂ ਉੱਚੀ ਤੁਸਾਂ ਦੀ ਸ਼ਾਨ ਹੈ ।।

ਦਿਲ ਦੀਆਂ ਗਹਿਰਾਈਆਂ ਚੋਂ ਨਿਕਲਦੀ,
ਸੱਜਣਾਂ ! ਹਰ ਦਮ ਸੁਰੀਲੀ ਤਾਣ ਹੈ ।

ਦਿਲ ਦੀ ਵੇਦਨ ਤੁਸਾਂ ਬਿਨ ਕਿਸ ਨੂੰ ਕਹਾਂ,
ਮਸਤ ਨਜ਼ਰਾਂ ਨੇ ਕਰੀ ਕਲਿਆਨ ਹੈ ।।

ਪਿਆਰ, ਬਿਰਹਾ, ਤੜਪ ਹੀ ਜਿਸ ਵਿਚ ਨਹੀਂ,
ਉਹ ਨਹੀਂ ਇਨਸਾਨ ਇਕ ਹੈਵਾਨ ਹੈ ।

ਕੀਮਯਾਵੀ ਨਿਗਾਹ ਜਿਸ ਤੇ ਪੈ ਗਈ,
ਖ਼ੁਸ਼ ਨਸੀਬੀ ਸੰਗ ਬਣੀ ਪਹਿਚਾਣ ਹੈ ।।

ਜਿਸ ਭਰੀ ਮਹਿਫ਼ਲ ਚ' ਜ਼ਿਕਰੇ ਯਾਰ ਨਹੀਂ,
ਨ ਕਹੋ ਮਹਿਫ਼ਲ ਉਹ ਰੇਗਿਸਤਾਨ ਹੈ ।

ਗਰਮ ਰੁੱਤੇ ਸੁਖ ਸੁਨੇਹਾ ਆ ਗਿਆ,
ਠੰਢ ਦਾ "ਅਮਰੀਕ" ਇਹ ਵਰਦਾਨ ਹੈ ।।



Sri Satguru Jagjit Singh Ji eLibrary NamdhariElibrary@gmail.com

## "ਸ਼ਹਿਰ ਕਿੰਜ ਆਵਾਂ"

ਸ਼ਹਿਰ ਕਿੰਜ ਆਵਾਂ ਕਰਾਇਆ ਪਾਸ ਨਹੀਂ,
ਅੱਜ ਤਕ ਜੀਵਨ ਇਹ ਆਇਆ ਰਾਸ ਨਹੀਂ ।

ਮੈ ਅਜੇਹਾ ਇਕ ਹਵਾਈ ਜਹਾਜ਼ ਹਾਂ,
ਜਿਸ ਦੇ ਵਿਚ ਇੰਜਨ ਤਾਂ ਹੈ ਕੰਪਾਸ ਨਹੀਂ ।।

ਇਕ ਬਿਪਾਰੀ ਹਾਂ ਜੋ ਘਾਟਾ ਲੋੜਦੈ,
ਜੋ ਬਚਾ ਪਾਇਆ ਕਦੇ ਵੀ ਰਾਸ ਨਹੀਂ ।

ਬੈਂਕ ਵਿਚ ਖਾਤਾ ਮੇਰਾ ਕੋਈ ਨਹੀਂ,
ਇਹ ਹੈ ਮਜਬੂਰੀ ਕੋਈ ਉਪਹਾਸ ਨਹੀਂ ।।

ਇਸ ਦਸ਼ਾ ਵਿਚ ਵੀ ਗੁਜ਼ਾਰਾ ਹੋ ਰਿਹੈ,
ਕਿਓਂ ਕਿ ਮੈਂ ਲੋੜਾਂ ਦਾ ਬਹੁਤਾ ਦਾਸ ਨਹੀਂ ।

ਕਾਗ਼ਜ਼ੀ ਫੁੱਲਾਂ ਜਿਹਾ "ਅਮਰੀਕ" ਹੈ,
ਸੁੰਦਰਤਾ ਹੈ ਬਹੁਤ ਪਰ ਵਿਚ ਵਾਸ ਨਹੀਂ ।।



Sri Satguru Jagjit Singh Ji eLibrary NamdhariElibrary@gmail.com

# "ਕੀਹ ਆਏ"

ਤੁਰ ਗਿਆਂ ਦੇ ਬਾਦ ਜੇ ਆਏ ਤਾਂ ਕੀਹ ਆਏ,
ਗ਼ਮ ਦੇ ਬੱਦਲ ਫਿਰ ਬੜੇ ਛਾਏ ਤਾਂ ਕੀਹ ਛਾਏ ।

ਜੀਂਦਿਆਂ ਬਿਲ ਕੁਲ ਕਦਰ ਕੀਤੀ ਨਹੀਂ,
ਤੁਰ ਗਿਆਂ ਸੁਮਕੇ ਬੜੇ ਲਾਏ ਤਾਂ ਕੀਹ ਲਾਏ ।।

ਅਜ ਤਕ ਰੁੱਸੇ ਰਹੇ ਹੱਸ ਕੇ ਕਦੇ ਬੋਲੇ ਨਹੀਂ,
ਗੀਤ ਬਿਰਹਾ ਦੇ ਜੇ ਫਿਰ ਗਾਏ ਤਾਂ ਕੀਹ ਗਾਏ ।

ਕੋਲ ਹੁੰਦਿਆ ਠੰਢ ਪੁਚਾਈ ਨ ਕਦੇ,
ਤੁਰ ਗਿਆਂ ਦੇ ਬਾਦ ਰੱਜ ਨ੍ਹਾਏ ਤਾਂ ਕੀ ਨ੍ਹਾਏ ।।

ਬੇ-ਰੁੱਖੀ ਦੀ ਧੁੱਪ ਰਹੀ ਜਦ ਸਾੜਦੀ ਹਰਦਮ,
ਲਾਸ਼ ਨੂੰ ਕੀਤੇ ਜੇ ਅਜ ਲਾਏ ਤਾਂ ਕੀਹਸਾਏ ।

ਨਫ਼ਰਤਾਂ ਦੇ ਤੀਰ ਜ਼ਹਿਰੀਲੇ ਹੀ ਮਾਰੇ ਜੀਂਦਿਆਂ,
ਜ਼ਖਮਾਂ ਤੇ ਫਾਹੇ ਜੇ ਅਜ ਲਾਏ ਤਾਂ ਕੀਹ ਲਾਏ ।।

ਹੰਗਤਾਂ ਦੇ ਪਰਬਤਾਂ ਤੇ ਸਨ ਸਦਾ ਬੈਠੇ ਰਹੇ,
ਅਜ ਉਹ ਪਰਬਤ ਨੇ ਜੇ ਢਾਏ ਤਾਂ ਕੀ ਢਾਏ ।

ਦੂਰ ਨ ਹੋਈਆਂ ਮਨਾਂ ਤੋਂ ਸਨ ਕਦੇ ਵੀ ਦੂਰੀਆਂ,
ਜਾਂਦਿਆਂ "ਅਮਰੀਕ" ਨੂੰ ਭਾਏ ਤਾਂ ਕੀ ਭਾਏ ।।



Sri Satguru Jagjit Singh Ji eLibrary NamdhariElibrary@gmail.com

# "ਕਹਿ ਜਾਂਦੇ"

ਸੁਤੇ ਸਿੱਧ ਹੀ ਸ਼ਾਇਰ ਲਫਜ਼ ਜੋ ਕਹਿ ਜਾਂਦੇ,
ਐਸੇ ਲਫਜ਼ ਤਾਂ ਹਸ਼ਰਾਂ ਤੀਕਰ ਕਾਇਮ ਰਹਿ ਜਾਂਦੇ ।

ਰੱਬ ਉਹਨਾਂ ਤੋਂ ਰਚਨਾਂ ਕਾਰਜ ਲੈ ਹੁਦਾਰੇ ਨੇ,
ਸ਼ਾਸਤਰ ਵੇਦ ਸਭੀ ਅਕਾਸ਼ੋਂ ਥੱਲੇ ਲਹਿ ਜਾਂਦੇ ।

ਮਾਂ ਸੁਰਸਤੀ ਜਦੋਂ ਉਹਨਾਂ ਦੀ ਕਲਮ ਤੇ ਬਹਿ ਜਾਂਦੀ,
ਫੜਣ ਕਲਮ ਫਿਰ ਸ਼ਾਇਰ ਖ਼ੁੰਜੇ ਸੁਰ ਹੋ ਬਹਿ ਜਾਂਦੇ ।

ਲਿਖਤ ਇਹਨਾਂ ਦੀ ਮੇਟ ਦਵੇ ਹਰ ਘੁੱਪ ਹਨੇਰੇ ਨੂੰ,
ਪੜ੍ਹ ਪੜ੍ਹ ਲਿਖਤਾਂ ਲੋਕੀ ਸਾਰੇ ਦੁਖ ਸੁਖ ਸਹਿ ਜਾਂਦੇ ।

ਕੋਰੇ ਕਾਗਜ਼ ਉਤੇ ਕਾਲਾ ਹਰਫ ਜੋ ਲਿਖਦੇ ਨੇ,
ਲੱਕ ਬਨ੍ਹ ਸਾਰੇ ਕਾਮੇ ਅਪਣੇ ਕੰਮ ਨੂੰ ਡਹਿ ਜਾਂਦੇ ।

ਦੇਸ਼ ਦੀ ਵਿਗੜੀ ਹਾਲਤ ਵੇਖ ਕੇ ਕਲਮ ਜਾਂ ਚਲਦੀ ਏ,
ਜਾਨ ਦੀ ਪਰਵਾਹ ਕਦ ਕਰਦੇ ਇਸ ਵਹਿਣ ਜਾਂ ਵਹਿ ਜਾਂਦੇ ।

ਲਿਖੀ ਬਹਾਦਰ ਲੋਕਾਂ ਦੀ ਜਾਂ ਗਾਥਾ ਕਵੀਆਂ ਨੇ,
ਬਿਨਾਂ ਸੀਸ ਤੋਂ ਵੇਖੇ ਵੈਰੀਆਂ ਨਾਲ ਨੇ ਖਹਿ ਜਾਂਦੇ ।

ਸ਼ਾਇਰਾਂ ਦੀ ਪੜ੍ਹ ਲਿਖਤ ਖਲੋਂਦੇ ਤੋਪਾਂ ਮੂਹਰੇ ਨੇ,
ਜਾਨ ਵਾਰ ਕੇ ਸੁਣਿਆ ਨਹੀਂ ਕਿ ਕਦੇ ਉਹ ਛਹਿ ਜਾਂਦੇ ।

ਤੂੰ ਵੀ ਮੰਗ "ਅਮਰੀਕ" ਸੁਰਸਤੀ ਮਾਈ ਤੋਂ ਐਸਾ,
ਤੇਰੇ ਵਰਗੇ ਨਹੀਂ ਤੇ ਕੱਖਾਂ ਵਾਂਗ ਨੇ ਗਹਿ ਜਾਂਦੇ ।।



Sri Satguru Jagjit Singh Ji eLibrary NamdhariElibrary@gmail.com

# "ਬੜੀ ਦੂਰ ਤੋਂ"

ਬੜੀ ਦੂਰ ਤੋਂ ਤੇਰੇ ਦਰ ਤੇ ਹਾਂ ਆਇਆ,
ਉਮੀਦਾਂ ਦਾ ਗੁਲਦਾਨ ਹੱਥ ਫੜ ਲਿਆਇਆ ।

ਹੁਸੀਂ ਹੋ ਤੁਸੀਂ ਮੈਂ ਹੁਸਨ ਦਾ ਪੁਜਾਰੀ,
ਤੁਸਾਂ ਨੂੰ ਮੈਂ ਪੂਜਾ ਦਾ ਮੰਦਰ ਬਨਾਇਆ।।

ਰਹੋ ਸਾਹਮਣੇ ਦੁਨੀਆਂ ਰਹਿੰਦੀ ਏ ਰੌਸ਼ਨ,
ਨਜ਼ਰ ਜਦ ਨ ਆਓ ਹਨੇਰਾ ਹੀ ਪਾਇਆ।

ਬਿਨਾ ਆਪ ਦੇ ਨਹੀਂ ਗੁਜ਼ਾਰਾ ਹੀ ਹੋਣਾ,
ਕੁਝ ਐਸਾ ਮੇਰੇ ਤੇ ਹੈ ਜਾਦੂ ਚਲਾਇਆ ।।

ਤੁਸੀਂ ਜਾਓਗੇ ਜਿੱਥੇ ਮੈਂ ਨਾਲ ਹੋਵਾਂ,
ਜੁਦਾ ਕਿੰਜ ਹੋਵਾਂ ਤੁਸਾਂ ਦਾ ਹਾਂ ਸਾਇਆ ।

ਐ ਦੁਨੀਆਂ ਦੇ ਲੋਕੋ ਜ਼ਰਾ ਬਾਤ ਸਮਝੋ,
ਸਮਝ ਕੇ ਖ਼ੁਦਾ ਉਹਨਾਂ ਸੰਗ ਦਿਲ ਹੈ ਲਾਇਆ।।

ਨ ਨਾਰਾਜ਼ ਹੋਇਆ ਕਰੋ ਜਾਨੇ ਜਾਨਾਂ,
ਬੜੀ ਵਾਰ ਮੈਂ ਹੈ ਤੁਸਾਂ ਨੂੰ ਮਨਾਇਆ ।

ਐ "ਅਮਰੀਕ" ਕੇਹੀਆਂ ਇਹ ਮਜਬੂਰੀਆਂ ਨੇ,
ਨਹੀਂ ਰਾਜ਼ੇ ਦਿਲ ਉਹਨਾਂ ਅਜ ਤਕ ਸੁਨਾਇਆ ।।



Sri Satguru Jagjit Singh Ji eLibrary NamdhariElibrary@gmail.com

# "ਕੋਲ ਰਹਿੰਦੇ ਨੇ"

ਹਕੀਕਤ ਹੈ ਕਿ ਉਹ ਹਰ ਵਕਤ ਮੇਰੇ ਕੋਲ ਰਹਿੰਦੇ ਨੇ,
ਮੇਰੇ ਦਿਲ ਵਿਚ ਜੋ ਗੱਲ ਹੈ ਓਹੀ ਗੱਲ ਕਹਿੰਦੇ ਨੇ ।

ਹਮੇਸ਼ਾ ਮਨ ਦੇ ਅਕਾਸ਼ਾਂ ਤੇ ਉਹ ਛਾਏ ਨੇ ਘਟਾ ਬਨ ਕੇ,
ਮੇਰੇ ਇਸ ਦਿਲ ਦੀ ਵਾਦੀ ਵਿਚ ਨਦੀ ਬਨ ਕੇ ਉਹ ਵਹਿੰਦੇ ਨੇ।।

ਬੜੀ ਹੈਰਾਨਗੀ ਹੈ ਉਹ ਨਜ਼ਰ ਆਉਂਦੇ ਨਹੀਂ ਐਪਰ,
ਮੇਰੇ ਹਰ ਦੁਖ ਨੂੰ ਅਪਣਾਂ ਦੁਖ ਹਮੇਸ਼ਾ ਜਾਣ ਸਹਿੰਦੇ ਨੇ ।

ਅਸਾਡੀ ਏਸ ਦੂਰੀ ਨੂੰ ਤੁਸੀਂ ਵੀ ਸਮਝੋ ਮਜਬੂਰੀ,
ਮੈਂ ਸੁਣਿਐ ਯਾਦ ਜਦ ਕਰਦੇ ਨੇ ਅਥਰੂ ਆਣ ਵਹਿੰਦੇ ਨੇ ।।

ਉਹ ਮੇਰੇ ਨਾਲ ਹੀ ਰਹਿੰਦੇ ਨੇ ਸਾਏ ਦੀ ਤਰਾਂ ਹਰਦਮ,
ਮੇਰੇ ਦਿਲ ਤੋਂ ਕਦੇ ਵੀ ਸਮਝ ਇਕ ਪਲ ਨ ਲਹਿੰਦੇ ਨੇ ।

ਜਵਾਨੀ ਵਿਚ ਤਾਂ ਹਰ ਇਨਸਾਨ ਝਟਕੇ ਸਹਿ ਹੀ ਜਾਂਦਾ ਏ,
ਬੁਢਾਪੇ ਵਿਚ ਮਗਰ "ਅਮਰੀਕ" ਏਦਾਂ ਕਿਓਂ ਝਟਕਦੇ ਨੇ ।।



Sri Satguru Jagjit Singh Ji eLibrary NamdhariElibrary@gmail.com

# "ਦਿਨ ਹੈ ਚੜ੍ਹਦਾ"

ਦਿਨ ਹੈ ਚੜ੍ਹਦਾ ਫਿਰ ਹਨੇਰਾ ਹੋਣ ਲਈ,
ਰਾਤ ਪੈਂਦੀ ਹੈ ਸਵੇਰਾ ਹੋਣ ਲਈ ।

ਸਿਖਰ ਤੋਂ ਪਿਛੋਂ ਨਿਵਾਣਾਂ ਆਓਂਦੀਆਂ,
ਤੇ ਨਿਵਾਣਾਂ ਹਨ ਉਚੇਰਾ ਹੋਣ ਲਈ ।।

ਹਾਰ ਹੀ ਜਿੱਤਾਂ ਦਾ ਰਸਤਾ ਖੋਲ੍ਹਦੀ,
ਜਿੱਤ ਆਉਂਦੀ ਹੈ ਨਿਵੇਰਾ ਹੋਣ ਲਈ ।

ਬਚਪਣਾਂ ਜਾਕੇ ਜਵਾਨੀ ਘੱਲਦਾ,
ਹੈ ਜਵਾਨੀ ਵੀ ਵਡੇਰਾ ਹੋਣ ਲਈ ।

ਬੰਦੇ ਦਾ ਸਾਇਆ ਸਿਖਰ ਦੋਪਹਿਰ ਨੂੰ,
ਸਿਮਟਦੈ ਮੁੜ ਕੇ ਲੰਮੇਰਾ ਹੋਣ ਲਈ ।

ਦਰਦੇ ਦਿਲ ਘਟਦੈ ਏ ਕੁਝ ਪਲ ਵਾਸਤੇ,
ਅੱਗੇ ਨਾਲੋਂ ਕੁਝ ਵਧੇਰਾ ਹੋਣ ਲਈ ।।

ਜ਼ੁਲਮ ਹੱਦਾਂ ਪਾਰ ਕਰ ਜਾਂਦੈ ਜਦੋਂ,
ਬਹੁਤ ਛੇਤੀ ਹੀ ਛੁਟੇਰਾ ਹੋਣ ਲਈ ।

ਤੂੰ ਵੀ ਐ "ਅਮਰੀਕ" ਹੱਦ ਵਿਦ ਰਹੀਂ,
ਭਾਰ ਨ ਬਣ ਮੁੜ ਹੁਲੇਰਾ ਹੋਣ ਲਈ ।।



Sri Satguru Jagjit Singh Ji eLibrary NamdhariElibrary@gmail.com

# "ਦੱਸ ਜ਼ਰਾ"

ਦਿਲ ਦੀ ਹਾਲਤ ਕਿੰਜ ਕਹਾਂ ਤੂੰ ਦੱਸ ਜ਼ਰਾ,
ਬਿਨ ਕਹੇ ਨ ਰਹਿ ਸਕਾਂ ਤੂੰ ਦੱਸ ਜ਼ਰਾ ।

ਮੈਂ ਕਿਸੇ ਤੂਫਾਂ ਤੋਂ ਘਬਰਾਂਦਾ ਨਹੀਂ,
ਧਸਕੀਆਂ ਤੋਂ ਕਿਓਂ ਡਰਾਂ ਤੂੰ ਦੱਸ ਜ਼ਰਾ ।।

ਮੌਤ ਇਕ ਦਿਨ ਤਾਂ ਅਖ਼ੀਰੀ ਆਏਗੀ,
ਹਰ ਘੜੀ ਫਿਰ ਕਿਓਂ ਮਰਾਂ ਤੂੰ ਦੱਸ ਜ਼ਰਾ ।

ਪੱਕਾ ਹੈ ਵਿਸ਼ਵਾਸ ਆਪਣੇ ਆਪ ਤੇ,
ਕਿਓਂ ਜ਼ਮਾਨੇ ਤੋਂ ਡਰਾਂ ਤੂੰ ਦੱਸ ਜ਼ਰਾ ।।

ਜਾਣਦਾ ਹਾਂ ਜਿਸ ਦੇ ਤਨ ਵਿਚ ਦਿਲ ਨਹੀਂ,
ਕਿਓਂ ਮੈਂ ਉਸ ਦਾ ਦਮ ਭਰਾਂ ਤੂੰ ਦੱਸ ਜ਼ਰਾ।

ਕੋਲ ਹੋਵੇਂ ਤੂੰ ਸੜੇ ਦੁਨੀਆ ਪਈ,
ਕਿਓਂ ਨਸੀਬਾਂ ਸੰਗ ਲੜਾਂ ਤੂੰ ਦੱਸ ਜ਼ਰਾ।।

ਦਾਇਮੀ ਚਸ਼ਮਾਂ ਹਾਂ, ਬਰਸਾਤੀ ਨਹੀਂ,
ਰਾਤ ਦਿਨ ਕਿਓਂ ਨ ਝੱਰਾਂ ਤੂੰ ਦੱਸ ਜ਼ਰਾ ।

ਬਹੁਤ ਸਮਝਾਇਆ ਤਾਂ ਸੀ "ਅਮਰੀਕ" ਨੇ,
ਕਿੰਜ ਕਰਾਂ ਚਾਹਤ ਪਰ੍ਹਾਂ ਤੂੰ ਦੱਸ ਜ਼ਰਾ '।



Sri Satguru Jagjit Singh Ji eLibrary NamdhariElibrary@gmail.com

# "ਬਰਬਾਦ ਹੈ"

ਜ਼ਿੰਦਗੀ ਜਿਸ ਦੇ ਬਿਨਾਂ ਬਰਬਾਦ ਹੈ,
ਉਹ ਪਤਾ ਨਹੀਂ ਕਿਸ ਜਗਾਹ ਆਬਾਦ ਹੈ ।

ਹੋਰ ਸਾਰੇ ਹਾਦਸੇ ਤਾਂ ਭੁੱਲਿਆਂ,
ਵਿਛੜਨਾਂ ਤੈਥੋਂ ਅਜੇ ਤਕ ਯਾਦ ਹੈ ।

ਉਮਰ ਭਰ ਜਿਸ ਦੇ ਲਈ ਜੀਂਦੇ ਰਹੇ,
ਉਸ ਨੇ ਦਿੱਤੀ ਅਜੇ ਤਕ ਨ ਦਾਦ ਹੈ ।

ਦੂਰ ਇਤਨੀ ਉਹ ਹੈ ਜਾ ਵੱਸਿਆ ਕਿਤੇ,
ਪਹੁੰਚਦੀ ਓਥੇ ਨਹੀਂ ਫ਼ਰਿਆਦ ਹੈ ।

ਜ਼ਿੰਦਗੀ ਪਿੰਜਰੇ ਚ' ਹੀ ਗੁਜ਼ਰੀ ਜਦੋਂ,
ਲਾਭ ਕੀ ਹੋਇਆ ਜੇ ਹੁਣ ਆਜ਼ਾਦ ਹੈ ।

ਹਰ ਤਰਫ਼ ਨੇ ਰੌਣਕਾਂ ਸੰਸਾਰ ਵਿਚ,
ਫਿਰ ਵੀ ਇਹ "ਅਮਰੀਕ" ਕਿਓਂ ਨਾਸ਼ਾਦ ਹੈ ।



Sri Satguru Jagjit Singh Ji eLibrary NamdhariElibrary@gmail.com

# "ਜ਼ਰੂਰੀ ਏ"

ਬਹਾਨਾਂ ਲੱਭ ਕੇ ਕੋਈ ਅਸਾਂ ਮਿਲਣਾਂ ਜ਼ਰੂਰੀ ਏ,
ਉਹ ਦਿਲ ਦੇ ਪਾਸ ਰਹਿੰਦੇ ਨੇ ਮਗਰ ਨਜ਼ਰਾਂ ਤੋਂ ਦੂਰੀ ਏ ।

ਜਦੋਂ ਦਾ ਵੇਖਿਆ ਉਸ ਨੂੰ ਨਜ਼ਰ ਟਿਕਦੀ ਨਹੀਂ ਕਿਧਰੇ,
ਇਹ ਮੇਰੀ ਜ਼ਿੰਦਗੀ ਸੱਜਣਾਂ ਬਿਨਾਂ ਬਿਲਕੁਲ ਅਧੂਰੀ ਏ ।।

ਤਲਾਸ਼ੇ ਯਾਰ ਵਿਚ ਸਾਰਾ ਜਹਾਂ ਹੀ ਛਾਣ ਸੁੱਟਿਆ ਸੀ,
ਹਾਂ ਫਿਰਿਆ ਦਰ ਬਦਰ ਐਪਰ ਹੋਈ ਨ ਆਸ ਪੂਰੀ ਏ ।

ਉਹ ਕਿਓਂ ਨਾਰਾਜ਼ ਨੇ ਮੇਰੀ ਸਮਝ ਵਿਚ ਕੁਝ ਨਹੀਂ ਆਇਆ,
ਨਹੀਂ ਉਹ ਪਾਸ ਤਾਂ ਮਾਹੌਲ ਵਿਚ ਬਿਲਕੁਲ ਬੇ-ਨੂਰੀ ਏ ।।

ਮੇਰੇ ਦਿਲਬਰ ਤੁਸਾਂ ਨੂੰ ਮਿਲਨ ਖਾਤਰ ਵੇਖ ਲੋ ਮੈਂ ਤਾਂ,
ਮੁਸੀਬਤ ਦੱਸ ਉਹ ਕਿਹੜੀ ਏ ਜੋ ਅਜ ਤਕ ਨ ਅਬੂਰੀ ਏ ।

ਤੇਰੇ ਨੈਣਾਂ ਚੋਂ' ਮਸਤੀ ਦੇ ਫੁਹਾਰੇ ਚਲਦੇ ਰਹਿੰਦੇ ਨੇ,
ਨਸ਼ਾ ਇਹਨਾਂ ਚ' ਹੈ ਜੀਕਰ ਇਹ ਸ਼ਾਇਦ ਮੈ ਅੰਗੂਰੀ ਏ ।।



Sri Satguru Jagjit Singh Ji eLibrary NamdhariElibrary@gmail.com

# "ਟੋਕ ਨ"

ਜ਼ਾਹਿਦਾ ਮੈਨੂੰ ਤੂੰ ਹਰ ਦਮ ਟੋਕ ਨਾਂ,
ਹਰ ਗੁਨਾਹ ਹੀ ਕਰਨ ਤੇ ਲਾ ਰੋਕ ਨਾਂ ।

ਮਰਨ ਦਿਨ ਮਿਥਿਆ ਜੋ ਮੇਰਾ ਹੈ ਧੁਰੋਂ,
ਮਰਨ ਤੋਂ ਪਹਿਲਾਂ ਹੀ ਘਲ ਪਰਲੋਕ ਨਾਂ ।

ਕਰਨ ਦੇ ਮੈਨੂੰ ਵੀ ਕੁਝ ਮਨ ਮਾਨੀਆਂ,
ਖ਼ੂਨ ਮੇਰਾ ਚੂਸ ਬਣ ਕੇ ਜੋਕ ।

ਚਾੜ੍ਹਨਾਂ ਸੂਲੀ ਤੇ ਜੇ ਨਿਸ਼ਚਿਤ ਹੀ ਹੈ,
ਮੇਰੀਆਂ ਤਲੀਆਂ ਚ' ਮੇਖਾਂ ਠੋਕ ਨਾਂ ।

ਮੇਰੀ ਮਸਤੀ ਦੀ ਅਵੱਲੀ ਬਾਨ੍ਹ ਹੈ,
ਟੁੱਟਣੀ ਫਾਂਸੀ ਤੇ ਮੇਰੀ ਝੋਕ ਨਾਂ ।

ਸਾਹਮਣੇ ਮੇਰੇ ਤੂੰ ਖ਼ੰਜਰ ਤੇਜ਼ ਕਰ,
ਮਰਨ ਤੋਂ ਡਰਦਾ ਨਹੀਂ ਹਾਂ ਬੋਕ ਨਾਂ ।

ਸਮਝ ਨ ਕਾਇਰ ਤੂੰ ਉਸ ਅਮਰੀਕ ਦਾ,
ਸਿਰ ਝੁਕਾ ਪਾਏ ਇਹ ਸਾਰੇ ਲੋਕ ਨ ।



Sri Satguru Jagjit Singh Ji eLibrary NamdhariElibrary@gmail.com

# "ਲਹਿਰਾਣ ਦੇ"

ਜ਼ੁਲਫ਼ ਉਡਦੀ ਨੂੰ ਜ਼ਰਾ ਲਹਿਰਾਨ ਦੇ,
ਦਿਲ ਬੜਾ ਗ਼ਮਗੀਨ ਹੈ ਬਹਿਲਾਨ ਦੇ ।

ਮੈਂ ਤੇਰੇ ਚਿਹਰੇ ਨੂੰ ਕਦ ਦਾ ਤਕ ਰਿਹਾਂ,
ਵੇਖ ਮੇਰੇ ਵੱਲ ਜ਼ਰਾ ਮੁਸਕਾਨ ਦੇ ।।

ਦਿਲ ਦੇ ਦਰਯਾ ਦੀ ਡੂੰਘਾਈ ਬਹੁਤ ਹੈ,
ਇਸ ਦੀ ਤਹਿ ਤਕ ਮੇਰਾ ਅਨਭਵ ਜਾਣ ਦੇ ।

ਖ਼ੁਸ਼ ਨਸੀਬੀ ਹੈ ਕਿ ਤੂੰ ਅਜ ਪਾਸ ਹੈਂ,
ਇਸ ਘੜੀ ਨੂੰ ਹੋਰ ਕੁਝ ਲਮਕਾਣ ਦੇ ।।

ਮੰਨਿਆਂ ਤੂੰ ਹੈ ਹੁਸੀਂ ਪਰ ਯਾਦ ਰੱਖ,
ਹੋਰ ਗੁਣ ਵੀ ਹੋਣ ਵਿਚ ਇਨਸਾਨ ਦੇ ।

ਦੂਜਿਆਂ ਦੇ ਨੁਕਸ ਨ ਕੱਢਦੇ ਰਹੋ,
ਅਪਣੀਆਂ ਕਮੀਆਂ ਦੇ ਵੱਲ ਵੀ ਧਿਆਨ ਦੇ ।।

ਐਵੇਂ ਹੀ ਨ ਬੀਤ ਜਾਏ ਜ਼ਿੰਦਗੀ,
ਕਦਰ ਕਰ ਇਸਦੀ ਤੇ ਪੂਰਾ ਮਾਨਦੇ ।

ਕੀਹ ਭਰੋਸਾ ਦਮ ਦਾ ਹੈ "ਅਮਰੀਕ" ਨੂੰ,
ਦਮ ਦੇ ਹੁੰਦਿਆਂ ਦਮ ਇਹ ਲੇਖੇ ਲਾਣ ਦੇ ।।



Sri Satguru Jagjit Singh Ji eLibrary NamdhariElibrary@gmail.com

# "ਗੁਜ਼ਰਦੀ ਜਾ ਰਹੀ"

ਜ਼ਿੰਦਗੀ ਐਵੇਂ ਗੁਜ਼ਰਦੀ ਜਾ ਰਹੀ,
ਰੇਲ ਪਟੜੀ ਤੋਂ ਉਤਰਦੀ ਜਾ ਰਹੀ ।

ਖ਼ਤਮ ਹਰ ਦਿਲਚਸਪੀ ਹੀ ਸਮਝੋ ਹੋ ਰਹੀ,
ਪੰਡ ਉਤਸ਼ਾਹ ਦੀ ਬਿਖਰਦੀ ਜਾ ਰਹੀ ।

ਜੋ ਅਸਾਨੂੰ ਸਦਾ ਲਈ ਹੈ ਭੁੱਲਿਆ,
ਜਿੰਦ ਉਸਦਾ ਨਾਂ ਸਿਮਰਦੀ ਜਾ ਰਹੀ ।

ਯਾ ਖੁਦਾ ਕੈਸਾ ਜ਼ਮਾਨਾ ਆ ਗਿਆ,
ਝੂਠ ਦੀ ਸੂਰਤ ਨਿਖਰਦੀ ਜਾ ਰਹੀ ।

ਦੇਖਿਓ ਅੱਗੇ ਨਿਵਾਣਾਂ ਆ ਰਹੀਆਂ,
ਹੱਦ ਅੰਤਮ ਹੈ ਸਿਖਰਦੀ ਆ ਰਹੀ ।

ਅਜੇ ਤਾਂ ਨਿਕਲੀ ਨਹੀਂ ਸੀ ਘੇਰਿਓਂ,
ਇਨਸਾਨੀਅਤ ਹੁਣ ਹੋਰ ਘਿਰਦੀ ਜਾ ਰਹੀ ।

ਸਭਿਅਤਾ ਨੰਗੇਜ ਦੀ ਪਰਧਾਨ ਹੈ,
ਬੇ ਹਯਾਈ ਹੈ ਬਿਫਰਦੀ ਜਾ ਰਹੀ ।

ਪਤਾ ਨਹੀ "ਅਮਰੀਕ" ਨੇ ਕੀ ਵੇਖਣੈ,
ਉਮਰ ਇਸ ਦੀ ਹੋਰ ਵਧਦੀ ਜਾ ਰਹੀ ।



Sri Satguru Jagjit Singh Ji eLibrary NamdhariElibrary@gmail.com

# "ਔਂਕੜਾਂ ਅਨਗਿਣਤ"

ਔਂਕੜਾਂ ਅਨਗਿਣਤ ਹੀ ਜਰਦਾ ਰਿਹਾ,
ਹਰ ਕਦਮ ਅੱਗੇ ਹੀ ਪਰ ਧਰਦਾ ਰਿਹਾ ।

ਹਰ ਮੁਸੀਬਤ ਨੂੰ ਜੀ ਆਇਆਂ ਆਖਿਆ,
ਕਿਸੇ ਤੋਂ ਵੀ ਮੈਂ ਨਹੀਂ ਡਰਦਾ ਰਿਹਾ।

ਵਿਚ ਪਾਖੰਡਾਂ ਦੇ ਉਮਰ ਭਰ ਵਿਚਰ ਕੇ,
ਪਾੜਦਾ ਪਾਖੰਡ ਦਾ ਪਰਦਾ ਰਿਹਾ ।

ਪਾਰ ਕੀਤਾ ਸਾਗਰਾਂ ਨੂੰ ਤਰਦਿਆਂ,
ਉੱਚੀਆਂ ਸਿਖਰਾਂ ਤੇ ਵੀ ਚੜ੍ਹਦਾ ਰਿਹਾ ।

ਰੋਕੀਆਂ ਰਾਹਾਂ ਜ਼ਮਾਨੇ ਬਹੁਤ ਸਨ,
ਪਰ ਮੈਂ ਦਮ ਉਸਦਾ ਨਹੀਂ ਭਰਦਾ ਰਿਹਾ ।

ਦੋਸਤਾਂ ਦੇ ਵਾਸਤੇ ਮੈਂ ਉਮਰ ਭਰ,
ਜਿੱਤ ਕੇ ਸਭ ਬਾਜ਼ੀਆਂ ਹਰਦਾ ਰਿਹਾ ।

ਮੌਤ ਦਾ ਦਾਰੂ ਨਹੀਂ "ਅਮਰੀਕ" ਜੇ,
ਮਰਨ ਤੋਂ ਪਹਿਲਾਂ ਨਹੀਂ ਮਰਦਾ ਰਿਹਾ ।



Sri Satguru Jagjit Singh Ji eLibrary NamdhariElibrary@gmail.com

# "ਠਹਿਰੋ ਜ਼ਰਾ"

ਪਲ ਜੋ ਪਲ ਦੀ ਬਾਤ ਹੈ, ਠਹਿਰੋ ਜ਼ਰਾ,
ਆਖ਼ਰੀ ਇਹ ਰਾਤ ਹੈ ਠਹਿਰੋ ਜ਼ਰਾ ।

ਕੀ ਪਤਾ ਫਿਰ ਮਿਲ ਹੀ ਨ ਸਕੀਏ ਕਦੇ,
ਉਮਰ ਖਾਧੀ ਮਾਤ ਹੈ ਠਹਿਰੋ ਜ਼ਰਾ ।

ਦਿਲ ਕਿਸੇ ਦੀ ਮੰਨਦਾ ਬਿਲਕੁਲ ਨਹੀਂ,
ਇਹ ਬੜਾ ਬਦਜ਼ਾਤ ਹੈ ਠਹਿਰੋ ਜ਼ਰਾ ।

ਕੋਲ ਨ ਹੋਵੋ ਤਾਂ ਸੱਚ ਮੈਂ ਕਹਿ ਰਿਹਾਂ,
ਕੀਹ ਮੇਰੀ ਔਕਾਤ ਹੈ ਠਹਿਰੋ ਜ਼ਰਾ ।

ਖ਼ੁਸ਼ ਨਸੀਬੀ ਹੈ ਕਿ ਮੇਰੀ ਆਪ ਸੰਗ,
ਹੋਈ ਮੁਲਾਕਾਤ ਹੈ ਠਹਿਰੋ ਜ਼ਰਾ ।

ਉਂਜ ਮੁਹੱਬਤ ਆਪ ਦੀ ਵਰਦਾਨ ਹੈ,
ਹਿਜਰ ਦੀ ਬਹੁਤਾਤ ਹੈ ਠਹਿਰੋ ਜ਼ਰਾ ।

ਨਾਲ ਸੱਜਣਾਂ ਮੇਲ ਐਸਾ ਸਮਝ ਲੌ,
ਤਪਸ਼ ਵਿਚ ਬਰਸਾਤ ਹੈ ਠਹਿਰੋ ਜ਼ਰਾ ।

ਕਿਓਂ ਤੂੰ ਐ "ਅਮਰੀਕ" ਅਜ ਗ਼ਮਗੀਨ ਹੈ,
ਬਦਲਣੇ ਹਾਲਾਤ ਨੇ ਠਹਿਰੋ ਜ਼ਰਾ ।



Sri Satguru Jagjit Singh Ji eLibrary NamdhariElibrary@gmail.com

# "ਸ਼ੰਗਾਰ ਹੈ"

ਦਰਦ ਮੇਰੀ ਰੂਹ ਦਾ ਇਕ ਸ਼ੰਗਾਰ ਹੈ,
ਜ਼ਿੰਦਗੀ ਮੇਰੀ ਦਾ ਇਹ ਆਧਾਰ ਹੈ ।

ਸ਼ੁਕਰੀਆਂ ਉਹਨਾਂ ਦਾ ਜੋ ਇਹ ਦੇ ਗਏ,
ਮੰਨਦਾ ਤਨ ਮਨ ਮੇਰਾ ਆਭਾਰ ਹੈ ।

ਦਰਦੋ ਗ਼ਮ ਜੇ ਹੈ ਨਹੀਂ ਇਨਸਾਨ ਵਿਚ,
ਫੁੱਲ ਹੁੰਦਿਆਂ ਵੀ ਨਿਰਾ ਉਹ ਖ਼ਾਹ ਹੈ ।

ਪੀੜ ਅਗਲੇ ਦੀ ਓਹੀ ਮਹਿਸੂਸਦੈ,
ਜਿਸ ਦੇ ਅੰਦਰ ਪੀੜ ਦਾ ਸੰਚਾਰ ਹੈ ।

ਇਹ ਦਰਦ ਮੇਰਾ ਹੀ ਕੱਲੇ ਦਾ ਨਹੀਂ,
ਇਸ ਦੇ ਘੇਰੇ ਵਿਚ ਸਗਲ ਸੰਸਾਰ ਹੈ ।

ਓਸ ਬੰਦੇ ਨਾਲ ਕਾਹਦੀ ਦੋਸਤੀ,
ਖ਼ੁਦ ਗ਼ਰਜ਼ "ਅਮਰੀਕ" ਜਿਹੜਾ ਯਾਰ ਹੈ ।



Sri Satguru Jagjit Singh Ji eLibrary NamdhariElibrary@gmail.com

# "ਮੇਰਾ ਮੱਕਾ"

ਮੇਰਾ ਮੱਕਾ ਫਿਰਦਾ ਰਹਿੰਦਾ,
ਕਦੇ ਨਹੀਂ ਇਹ ਟਿਕਦਾ ਬਹਿੰਦਾ ।

ਜਿੱਧਰ ਵੇਖਾਂ ਓਧਰ ਦਿਸੱਦਾ,
ਉੱਤਰ ਦੱਖਣ ਚੜ੍ਹਦਾ ਲਹਿੰਦਾ ।

ਕਿਸੇ ਦੇ ਫੇਰਿਆਂ ਫਿਰਦਾ ਨਾਹੀਂ,
ਮਰਜ਼ੀ ਨਾਲ ਹੈ ਗੇੜੇ ਲੈਂਦਾ ।

ਕਿਸੇ ਨੇਮ ਵਿਚ ਰਹੇ ਨ ਬੱਝਾ,
ਨਹੀਂ ਦਬਾ ਇਹ ਕਿਸੇ ਦਾ ਸਹਿੰਦਾ ।

ਵੰਡਦਾ ਫਿਰਦਾ ਖ਼ੁਸ਼ੀਆਂ ਖੇੜੇ,
ਸਭ ਦੇ ਗ਼ਮ ਵਿਚ ਹਿੱਸਾ ਲੈਂਦਾ ।

ਕੋਈ ਓਸ ਦਾ ਅੰਤ ਨ ਜਾਣੇ,
ਭੇਤ ਮੱਕੇ ਦਾ ਸਮਝ ਨ ਪੈਂਦਾ ।

ਕੰਢਿਆਂ ਬਿਨਾਂ ਹੀ ਦਰਯਾ ਹੈ ਉਹ,
ਖੁਲ੍ਹਾ ਚਾਰ ਚੁਫੇਰੇ ਵਹਿੰਦਾ ।

ਕਰ ਦੀਦਾਰ ਨਸ਼ਈ ਹੋਇਆ,
ਨਸ਼ਾ ਨਹੀਂ "ਅਮਰੀਕ" ਦਾ ਲਹਿੰਦਾ ।



Sri Satguru Jagjit Singh Ji eLibrary NamdhariElibrary@gmail.com

# "ਮੇਰੇ ਲਈ"

## (ਪਰਵਾਨਾਂ ਕਹਿ ਰਿਹਾ ਏ)

ਐ ਸ਼ਮਾਂ ਜਗਦੀ ਹੈਂ ਤੂੰ ਮੇਰੇ ਲਈ,
ਮੈਂ ਵੀ ਤਾਂ ਸੜਦਾ ਹਾਂ ਬੱਸ ਤੇਰੇ ਲਈ ।

ਤੂੰ ਜਗੇਂ ਮੈਂ ਵੇਖ ਕੇ ਬੈਠਾ ਰਹਾਂ,
ਲੱਖ ਲਾਹਨਤ ਹੈ ਮੇਰੇ ਜੇਰੇ ਲਈ ।

ਜ਼ਿੰਦਗੀ ਮੇਰੀ ਹੈ ਸੜ ਕੇ ਮਰਨ ਵਿਚ,
ਹੋਂਦ ਮੇਰੀ ਹੈ ਤੇਰੇ ਚਿਹਰੇ ਲਈ ।

ਮੈਂ ਤਾਂ ਆਸ਼ਕ ਹਾਂ ਤੇਰੇ ਉਸ ਨੂਰ ਦਾ,
ਕੁਝ ਨਹੀਂ ਹਾਂ ਸੋਚਦਾ ਨ੍ਹੇਰੇ ਲਈ ।

ਜਿਸ ਨੇ ਮੈਨੂੰ ਮਾਨ ਇਤਨਾਂ ਬਖਸ਼ਿਐ,
ਮੈਂ ਹਾਂ ਸਦ ਕੁਰਬਾਨ ਚੌਫੇਰੇ ਲਈ ।

ਨਾਂ ਸ਼ਹੀਦਾਂ ਵਿਚ ਹੈ ਸੁਣ ਅਮਰੀਕ ਤੂੰ,
ਦੇਣ ਤੇਰੀ ਹੀ ਹੈ ਇਸ ਸੇਹਰੇ ਲਈ ।।



Sri Satguru Jagjit Singh Ji eLibrary NamdhariElibrary@gmail.com

# "ਸਪਨਾਂ"

ਜ਼ਿੰਦਗੀ ਸਪਨਾਂ ਹੈ ਜੋ ਟੁੱਟ ਜਾਏਗਾ,
ਟੁੱਟ ਗਿਆ ਇਹ ਫਿਰ ਕਦੇ ਨ ਆਏਗਾ ।

ਖ਼ਾਬ ਵਿਚ ਜੋ ਦ੍ਰਿਸ਼ ਨਜ਼ਰ ਹੈ ਆ ਰਿਹਾ,
ਇਹ ਸਥਿਰ ਬਿਲਕੁਲ ਨਹੀਂ ਰਹਿ ਪਾਏਗਾ ।।

ਮਿਲਨ ਘੜੀਆਂ ਜੋ ਉਮਰ ਵਿਚ ਮਿਲਦੀਆਂ,
ਕੁਝ ਨਿਸ਼ਾਂ ਉਹਨਾਂ ਦਾ ਦਿਲ ਬਹਿਲਾਏਗਾ।

ਸਪਨੇ ਨੂੰ ਸਾਕਾਰ ਕਰ ਸਕਦਾ ਹੈ ਉਹ,
ਇਸ ਦੇ ਵਿਚ ਜੋ ਆਪ ਨੂੰ ਉਲਝਾਇਗਾ ।।

ਅਜ ਦੀ ਦੁਨੀਆ ਜੋ ਹੈ ਸੌਰੀ ਜਾਪਦੀ,
ਸਪਨਾਂ ਇਸ ਨੂੰ ਹੋਰ ਵੀ ਲਿਸ਼ਕਾਏਗਾ ।

ਸਪਨਾਂ ਜੋ ਲੈਂਦੈ ਉਚਾਈਆਂ ਚੜ੍ਹਨ ਦਾ,
ਤਾਂ ਉਮਰ "ਅਮਰੀਕ" ਨ ਪਛਤਾਏਗਾ ।।



Sri Satguru Jagjit Singh Ji eLibrary NamdhariElibrary@gmail.com

# "ਯਾਰ ਵੇ"

ਪਿਆਰ ਮੈਂ ਕੀਤਾ ਏ ਤੈਨੂੰ ਯਾਰ ਵੇ,
ਤੂੰ ਵੀ ਤਾਂ ਇਸਦਾ ਕਰੀਂ ਇਜ਼ਹਾਰ ਵੇ ।

ਇੱਕੋ ਪੱਖ ਦਾ ਪਿਆਰ ਤਾਂ ਚਲਦਾ ਨਹੀਂ,
ਵਾਸਤਾ ਈ ਕਦੀ ਤਾਂ ਪੁਚਕਾਰ ਵੇ ।।

ਕਦ ਮਿਲੇਗਾ ਵਿਛੜੇ ਹੀ ਜੇ ਚਲ ਵਸੇ,
ਪੁਲਾਂ ਤੋਂ ਹੋਇਆ ਜੇ ਪਾਣੀ ਪਾਰ ਵੇ ।

ਤਪ ਰਿਹਾ ਸੀਨਾਂ ਤੰਦੂਰੀ ਵਾਂਗ ਹੈ,
ਲੈਕੇ ਬਾਹਾਂ ਵਿਚ ਕਦੇ ਤਾਂ ਠਾਰ ਵੇ ।।

ਕੈਸੀ ਮਜਬੂਰੀ ਹੈ ਅਜ ਪੱਲੇ ਪਈ,
ਖੰਭ ਨੂੰ ਲੋਕਾਂ ਬਨਾਇਆ ਡਾਰ ਵੇ ।

ਤੂੰ ਨਹੀਂ ਮਿਲਦਾ ਤੇ ਮਿਹਣੇ ਜਗਤ ਦੇ,
ਪੈ ਰਹੀ ਮੈਨੂੰ ਇਹ ਦੂਹਰੀ ਮਾਰ ਵੇ ।।

ਆਉਣ ਦੀ ਪੱਕੀ ਕੋਈ ਤਾਰੀਖ ਦੱਸ,
ਵਹਿਦਿਆਂ ਤੇ ਨਿਰਾ ਨ ਤੂੰ ਸਾਰ ਵੇ ।

ਅਜ ਉਦਾਸੀ ਦੱਬ ਰਹੀ "ਅਮਰੀਕ" ਨੂੰ,
ਇਕ ਨਜ਼ਰ ਤੂੰ ਮਾਰ ਲੈ ਇਕ ਵਾਰ ਵੇ ।।



Sri Satguru Jagjit Singh Ji eLibrary NamdhariElibrary@gmail.com

# "ਜਾਨ ਵੀ ਉਸ ਤੋਂ"

ਜਾਨ ਵੀ ਉਸ ਤੋਂ ਛੁਪਾਈ ਹੈ ਨਹੀਂ,
ਕਦਰ ਪਰ ਭੈੜੇ ਨੇ ਪਾਈ ਹੈ ਨਹੀਂ ।

ਨੁਕਸ ਮੇਰੇ ਹੀ ਸਦਾ ਗਿਣਦਾ ਰਿਹਾ,
ਸਿਫ਼ਤ ਇਕ ਵੀ ਨਜ਼ਰ ਆਈ ਹੈ ਨਹੀਂ ।

ਕਾਸ਼ ਮੇਰਾ ਦਿਲ ਕਦੀ ਉਹ ਫੋਲਦਾ,
ਸ਼ੱਕ ਦੀ ਪੂਰੀ ਉਸ ਨੇ ਖਾਈ ਹੈ ਨਹੀਂ ।

ਵਾਂਗ ਤੱਤੀ ਤਵੀ ਦਿਲ ਤਪਦਾ ਰਿਹਾ,
ਪਿਆਰ ਦੀ ਘਟ ਇਸ ਤੇ ਛਾਈ ਹੈ ਨਹੀਂ ।

ਰਾਹ ਨਿਰਾਸ਼ਾ ਨੇ ਬਥੇਰਾ ਰੋਕਿਆ,
ਨਾਂ ਓਮੀਦੀ ਮਨ ਨੂੰ ਲਾਈ ਹੈ ਨਹੀਂ ।

ਸੋਚਿਆ ਸੀ ਤਰਸ ਖੌਰੇ ਖਾਏਗਾ,
ਪਰ ਦਿਲੋਂ ਦੀਵਾਰ ਢਾਈ ਹੈ ਨਹੀਂ ।

ਤੂੰ ਵਫ਼ਾ ਅਮਰੀਕ ਨ ਛਡੀਂ ਕਦੇ,
ਡਰ ਨਹੀਂ ਜੇ ਉਸ ਨੂੰ ਭਾਈ ਹੈ ਨਹੀਂ ।



Sri Satguru Jagjit Singh Ji eLibrary NamdhariElibrary@gmail.com

# "ਸੱਜਣ ਸੁਹੇਲੇ"

ਦੂਰ ਵਸੰਦੇ ਸੱਜਣ ਸੁਹੇਲੇ,
ਵੇਖੋ ਰਬ ਕਦੋਂ ਕੂ ਮੇਲੇ ।।

ਮੁੱਦਤਾਂ ਹੋਈਆਂ ਘਰ ਨਹੀਂ ਆਏ,
ਰਹਿਣ ਅਸਾਡੇ ਬਣੇ ਦੁਹੇਲੇ ।

ਕਿੱਥੇ ਨੇ ਉਹ ਸੂਹ ਨਹੀਂ ਮਿਲਦੀ,
ਭਾਲ ਥੱਕੇ ਹਾਂ ਜੰਗਲ ਬੇਲੇ ।

ਆ ਜਾਵਨ ਤਾਂ ਮੁੱਕਣਗੇ ਸਭ,
ਜੀਵਨ ਵਿਚ ਜੋ ਪਏ ਝਮੇਲੇ ।

ਉਹਨਾਂ ਦੇ ਮਿੱਠ ਬੋਲਾਂ ਮੂਹਰੇ,
ਫਿੱਕੇ ਨੇ ਮਿਸ਼ਰੀ ਦੇ ਢੇਲੇ ।

ਸੱਜਣਾਂ ਬਿਨ "ਅਮਰੀਕ" ਜਿਹਾਂ ਦੇ,
ਵੱਟੇ ਜਾਣ ਨ ਜਗ ਤੇ ਧੇਲੇ ।।



Sri Satguru Jagjit Singh Ji eLibrary NamdhariElibrary@gmail.com

# "ਉਹ ਕੀ ਜਾਣੇ"

ਦਰਦ ਅਸਾਡਾ ਉਹ ਕੀ ਜਾਣੇ,
ਜੋ ਪਰਦੇਸੀਂ ਰਲੀਆਂ ਮਾਣੇ ।

ਜੱਗ ਦੀ ਅਸੀਂ ਪਛਾਣ ਹਾਂ ਭੁੱਲੇ,
ਪਰ ਸਾਨੂੰ ਉਹ ਨਹੀਂ ਪਛਾਣੇ ।।

ਕਰੀਏ ਫ਼ੂਨ ਤਾਂ ਬੰਦ ਕਰ ਦੇਂਦੈ,
ਸਿਨਹੇ ਕੀਕਰ ਅਸਾਂ ਪੁਚਾਣੇ ।

ਜੀਵਨ ਕਸ਼ਤੀ ਡੋਲ ਰਹੀ ਏ,
ਕਿੱਧਰ ਗਏ ਨੇ ਛੱਡ ਮੁਹਾਣੇ ।।

ਕੱਲਿਆਂ ਤੂੰ ਹੀ ਦੱਸ ਵੇ ਸੱਜਣਾਂ,
ਬੀਤਣ ਮੌਸਮ ਕਿਵੇਂ ਸੁਹਾਣੇ ।

ਤੇਰੇ ਜਿਹਾ "ਅਮਰੀਕ" ਨ ਲੱਭਣਾ,
ਕਿੰਨੀ ਖ਼ਾਕ ਪਿਆ ਕੋਈ ਛਾਣੇ ।।



Sri Satguru Jagjit Singh Ji eLibrary NamdhariElibrary@gmail.com

# "ਅਜ ਦੂਰੋਂ"

ਸੱਜਣ ਆਏ ਨੇ ਅਜ ਦੂਰੋਂ,
ਮਿਹਰ ਹੋਈ ਏ ਬੜੀ ਹਜ਼ੂਰੋਂ ।

ਬੜੇ ਦਿਨਾਂ ਤੋਂ ਵਿੱਛੜ ਮਿਲੇ ਹਾਂ,
ਦੂਰ ਹੋਏ ਸਾਂ ਕੋਹੇ ਨੂਰੋਂ ।।

ਰੁੱਖਾ ਰੁੱਖਾ ਜੀਵਨ ਸੀ ਇਹ,
ਵਾਂਝੇ ਰਹੇ ਸਾਂ ਅਸੀਂ ਸਰੂਰੋਂ ।

ਐਸੇ ਰੁੱਖ ਪਏ ਸਾਂ ਲਗਦੇ,
ਖਾਲੀ ਰਹਿ ਜਾਏ ਜੋ ਬੂਰੋਂ ।।

ਕਸ਼ਤੀ ਜੀਕਰ ਠਿੱਲ ਗਈ ਸੀ,
ਵਿੱਛੜ ਗਏ ਸਾਂ ਅਪਣੇ ਪੂਰੋਂ ।

ਗਦ ਗਦ ਹੋ "ਅਮਰੀਕ" ਹੈ ਫਿਰਦਾ,
ਕੰਚਨ ਹੋਇਆ ਪਿਆ ਮਨੂਰੋਂ ।।



Sri Satguru Jagjit Singh Ji eLibrary NamdhariElibrary@gmail.com

# "ਬਦਲੀਏ ਵਿਗੜੇ ਹਾਲਾਤ"

ਬਦਲੀਏ ਵਿਗੜੇ ਹੋਏ ਹਾਲਾਤ ਨੂੰ,
ਮਾਣੀਏ ਰੱਜ ਰੱਜ ਸੁਹਾਣੀ ਰਾਤ ਨੂੰ ।

ਦੂਰ ਕਰ ਦਈਏ ਕਦੂਰਤ ਦਿਲਾਂ ਚੋਂ,
ਬਣਨ ਸਹਿਰਾ ਨ ਦਿਓ ਬਾਗ਼ਾਤ ਨੂੰ ।।

ਜਰਨ ਸ਼ਕਤੀ ਨੂੰ ਵਧਾਈਏ ਹੋਰ ਵੀ,
ਵਧਣ ਨ ਦਈਏ ਕਸੂਤੀ ਬਾਤ ਨੂੰ ।

ਕੂੜਾ ਕਰਕਟ ਹੂੰਝ ਦੇਵੋ ਮਨਾਂ ਚੋਂ,
ਸਾਂਭੀਏ ਜੀਵਨ ਅਮੁੱਲੀ ਦਾਤ ਨੂੰ ।।

ਏਸ ਦੁਨੀਆ ਨੂੰ ਬਨਾਣੈ ਸਵਰਗ ਜੇ,
ਚੜ੍ਹਣ ਦਈਏ ਪ੍ਰੀਤ ਦੀ ਪਰਭਾਤ ਨੂੰ ।

ਘੁੱਟ ਲਵੋ ਬਾਹਾਂ ਚ' ਅੱਜ "ਅਮਰੀਕ" ਨੂੰ,
ਵਿੱਸਰੀਏ ਸਾਰੀ ਪਰਾਈ ਤਾਤ ਨੂੰ ।।



Sri Satguru Jagjit Singh Ji eLibrary NamdhariElibrary@gmail.com

# "ਹੁਣ ਇਤਬਾਰ ਕਰ"

ਤੂੰ ਮੇਰੇ ਤੇ ਕੁਝ ਤਾਂ ਹੁਣ ਇਤਬਾਰ ਕਰ,
ਇਸ ਉਮਰ ਵਿਚ ਹੋਰ ਨ ਬੇਜ਼ਾਰ ਕਰ ।

ਸਜਦੇ ਵਿਚ ਮੈਂ ਤਾਂ ਝੁਕਾਈ ਧੌਣ ਹੈ,
ਵਾਸਤਾ ਈ ਤਰਸ ਕਰ ਨ ਵਾਰ ਕਰ ।।

ਮੇਰੀ ਨਈਆ ਹੈ ਘਿਰੀ ਤੂਫ਼ਾਨ ਵਿਚ,
ਨਾ ਖ਼ੁਦਾ ਪੱਕਾ ਹੈਂ ਇਸ ਨੂੰ ਪਾਰ ਕਰ ।

ਸ਼ੱਕੀ ਨਜ਼ਰਾਂ ਨਾਲ ਮੈਨੂੰ ਵੇਖ ਨ,
ਉਲਝਨਾਂ ਦੀ ਹੋਰ ਨ ਭਰਮਾਰ ਕਰ ।।

ਮੈਂ ਵਫ਼ਾ ਦੇ ਤੋਲ ਵਿਚ ਸਮਤੋਲ ਹਾਂ,
ਬੇ ਵਫ਼ਾ ਕਹਿ ਕੇ ਨ ਹੌਲਾ ਭਾਰ ਕਰ ।

ਕਸ਼-ਮਕਸ਼ ਵਿਚ ਜੀ ਰਹੇ "ਅਮਰੀਕ" ਨੂੰ,
ਕਦੀ ਤਾਂ ਸ਼ਾਦਾਬ ਕਰ ਸਰਸ਼ਾਰ ਕਰ ।।



Sri Satguru Jagjit Singh Ji eLibrary NamdhariElibrary@gmail.com

# "ਆਵੀ ਜਾ ਹੁਣ"

ਆਵੀ ਜਾ ਹੁਣ ਯਾਰ ਲਗਦਾ ਜੀ ਨਹੀਂ,
ਮੈਂ ਗਿਆ ਬੱਸ ਹਾਰ ਲਗਦਾ ਜੀ ਨਹੀਂ ।

ਕੱਲਿਆਂ ਗੁਜ਼ਰੇਗਾ ਜੀਵਨ ਕਿਸ ਤਰਾਂ,
ਰੁਕ ਰਹੀ ਕਫ਼ਤਾਰ ਲਗਦਾ ਜੀ ਨਹੀਂ ।।

ਤੂੰ ਨਹੀਂ ਹੈ ਪਾਸ ਕੁਝ ਨਹੀਂ ਸੁਝ ਰਿਹਾ,
ਕੌਣ ਹੈ ਗ਼ਮਖ਼ਾਰ ਲਗਦਾ ਜੀ ਨਹੀਂ ।

ਵੇਖਿਐ ਸਾਰੇ ਮਤਲਬੀ ਯਾਰ ਨੇ,
ਕਿਸ ਦਾ ਹੈ ਇਤਬਾਰ ਲਗਦਾ ਜੀ ਨਹੀਂ ।।

ਮੈਂ ਕਦੀ ਇਕ ਖ਼ੂੱਬਸੂਰਤ ਫੁੱਲ ਸਾਂ,
ਬਣ ਗਿਆ ਹਾਂ ਖ਼ਾਰ, ਲਗਦਾ ਜੀ ਨਹੀਂ ।

ਕੌਣ ਚੰਗਾ ਹੈ ਬੁਰਾ ਕਿਸ ਨੂੰ ਕਹਾਂ,
ਚੰਗਾ ਹੈ ਕਿਰਦਾਰ ਲਗਦਾ ਜੀ ਨਹੀਂ ।।

ਚਾਰ ਵੀਹਾਂ ਖਾ ਗਿਆਂ ਉਮਰਾ ਦੀਆਂ,
ਪੰਜਵੀਂ ਹੈ ਤਈਆਰ, ਲਗਦਾ ਜੀ ਨਹੀਂ ।

ਵਿਚ ਜਵਾਨੀ ਕਾਲਿਆਂ ਕੀਤਾ ਦਗ਼ਾ,
ਰਹਿ ਨੇ ਬੱਗੇ ਸਾਰ ਲਗਦਾ ਜੀ ਨਹੀਂ ।।

ਉਮਰ ਭਰ ਆਏ ਬੜੇ ਉਤਰਾ ਚੜਾ,
ਅੱਜ ਹਾਂ ਮੈਂ ਹਮਵਾਰ ਲਗਦਾ ਜੀ ਨਹੀਂ ।

ਕਿਸ ਦੇ ਅੱਗੇ ਫੋਲੀਏ "ਅਮਰੀਕ" ਦਿਲ,
ਤੂੰ ਹੈਂ ਪਰਲੇ ਪਾਰ, ਲਗਦਾ ਜੀ ਨਹੀਂ । ।



Sri Satguru Jagjit Singh Ji eLibrary NamdhariElibrary@gmail.com

# "ਦੋਸਤਾਂ ਕੀਤਾ ਮੇਰਾ"

(10.06.2010 ਮੇਰੇ 81ਵੇਂ ਜਨਮ ਦਿਨ ਤੇ)

ਦੋਸਤਾਂ ਕੀਤਾ ਮੇਰਾ ਸਨਮਾਨ ਹੈ,
ਚਾੜ੍ਹ'ਤੀ ਗੁੱਡੀ ਮੇਰੀ ਅਸਮਾਨ ਹੈ ।

ਝੋਲੀਆਂ ਭਰ ਭਰ ਕੇ ਦਿੱਤਾ ਪਿਆਰ ਅਜ,
ਸਾਂਭ ਨਹੀਂ ਸਕਦਾ ਜੋ ਇਕ ਇਨਸਾਨ ਹੈ ।

ਨੇਕੀਆਂ ਦਾ ਮੰਨਦਾ ਜੋ ਅਹਿਸਾਨ ਨਹੀਂ,
ਉਹ ਨਹੀਂ ਇਨਸਾਨ ਇਕ ਹੈਵਾਨ ਹੈ ।

ਮੈਂ ਤਾਂ ਇਕ ਅਦਨਾਂ ਜਿਹਾ ਇਨਸਾਨ ਸਾਂ,
ਕਰ ਦਿੱਤੀ ਹੁਣ ਜੱਗ ਤੋਂ ਉੱਚੀ ਸ਼ਾਨ ਹੈ ।

ਸ਼ੁਕਰੀਆ ਐ ਦੋਸਤੋ ਸਦ ਸ਼ੁਕਰੀਆ,
ਖ਼ਾਕ ਵਿਚ ਰੁਲਦਾ ਲਿਆ ਪਹਿਚਾਨ ਹੈ ।

ਵਿਚ ਬੁਢੇਪੇ ਮੈਂ ਜਵਾਂ ਅਜ ਹੋ ਗਿਆ,
ਤੁਸਾਂ ਨੇ ਕੀਤੀ ਮੇਰੀ ਕਲਿਆਨ ਹੈ ।

ਖ਼ੁਸ਼ ਰਹੋ ਮਿਤਰੋ ਸਦਾ ਹੀ ਖ਼ੁਸ਼ ਰਹੋ,
ਜਾਨ ਮੇਰੀ ਤੁਸਾਂ ਤੋਂ ਕੁਰਬਾਨ ਹੈ ।

ਉਮਰ ਭਰ "ਅਮਰੀਕ" ਭੁੱਲ ਨ ਪਾਏਗਾ,
ਤੁਸਾਂ ਨੇ ਰਖਿਆ ਜੋ ਮੇਰਾ ਮਾਨ ਹੈ ।।



Sri Satguru Jagjit Singh Ji eLibrary NamdhariElibrary@gmail.com

# "ਕਦੀ ਤਾਂ ਅੜਿਆ"

ਕਦੀ ਤਾਂ ਅੜਿਆ ਅਸਾਂਨੂੰ ਯਾਦ ਕਰ,
ਉਜੜਦੇ ਦਿਲ ਬਾਗ਼ ਨੂੰ ਆਬਾਦ ਕਰ ।

ਪਿਆਰ ਦੀ ਬੋਲੀ ਅਸੀਂ ਹਾਂ ਬੋਲਦੇ,
ਨਫ਼ਰਤਾਂ ਵਿਚ ਇਸਦਾ ਨ ਅਨੁਵਾਦ ਕਰ ।।

ਦੂਰ ਜਾਕੇ ਤੂੰ ਅਸਾਂ ਨੂੰ ਭੁੱਲ ਗਿਓਂ,
ਕੀਮਤੀ ਇਹ ਉਮਰ ਨ ਬਰਬਾਦ ਕਰ ।

ਹਿਜਰ ਦੇ ਪਿੰਜਰੇ 'ਚ ਇਹ ਰੂਹ ਕੈਦ ਹੈ,
ਮਰ ਨ ਜਾਏ ਆਣ ਕੇ ਆਜ਼ਾਦ ਕਰ ।।

ਸਾਇੰਸਦਾਂ ਦਾ, ਵਿਛੜਿਆਂ ਤਰਲਾ ਲਿਆ,
"ਜੋੜ ਦੇ ਦੋ ਦਿਲ ਉਹ ਕਲ ਈਜਾਦ ਕਰ।"

ਜਾਣ ਦੇ ਹੋਈ ਖ਼ਤਾ "ਅਮਰੀਕ" ਤੋਂ,
ਦੂਰ ਦਿਲ ਤੋਂ ਬੇ-ਰੁੱਖੀ ਦੀ ਗਾਦ ਕਰ ।।



Sri Satguru Jagjit Singh Ji eLibrary NamdhariElibrary@gmail.com

# "ਦੁੱਖ ਦੀ ਗੱਲ ਹੈ"

ਦੁੱਖ ਦੀ ਗੱਲ ਹੈ ਤੂੰ ਅਸਾਡੇ ਪਾਸ ਨਹੀਂ,
ਬਿਨ ਤੇਰੇ ਜੀਵਨ ਇਹ ਆਇਆ ਰਾਸ ਨਹੀਂ ।

ਜਦੋਂ ਤਕ ਆਇਓਂ ਨ ਇਸ ਬੀਮਾਰ ਦਾ,
ਨਿਕਲਣਾਂ ਵੇਖੀਂ ਅਖ਼ੀਰੀ ਸੁਆਸ ਨਹੀਂ ।।

ਭੀੜ ਹੈ ਦੁਨੀਆ ਦੀ ਐਪਰ ਕੀ ਕਰਾਂ,
ਬਿਨ ਤੇਰੇ ਦਿੱਤਾ ਕਿਸੇ ਧਰਵਾਸ ਨਹੀਂ।

ਇੰਤਜ਼ਾਰਾਂ ਵਿਚ ਰਹੇ ਹਾਂ ਤੜਪਦੇ,
ਮੁੱਕਿਆ ਤੇਰਾ ਅਜੇ ਪਰਵਾਸ ਨਹੀਂ ।।

ਕੀਹ ਕਹਾਂ ਕੈਸਾ ਹਾਂ ਜੀਵਨ ਜੀ ਰਿਹਾ,
ਸੰਗਦਿਲਾ! ਤੈਨੂੰ ਤਾਂ ਕੁਝ ਅਹਿਸਾਸ ਨਹੀਂ ।

ਆਉਣ ਦੇ ਵਹਿਦੇ ਤੇਰੇ ਟੁੱਟਦੇ ਰਹੇ,
ਟੁੱਟਿਆ "ਅਮਰੀਕ" ਦਾ ਵਿਸ਼ਵਾਸ਼ ਨਹੀਂ ।।



Sri Satguru Jagjit Singh Ji eLibrary NamdhariElibrary@gmail.com

# "ਬੁਝਾ ਦੇ ਪਿਆਸ"

ਏਸ ਪਿਆਸੇ ਦੀ ਬੁਝਾ ਦੇ ਪਿਆਸ ਛੇਤੀ ਆਣ ਕੇ,
ਮੈਂ ਖੜਾ ਹਾਂ ਯਾਰ ਤੈਨੂੰ ਚਸ਼ਮਾ ਜ਼ਮ ਜ਼ਮ ਜਾਣ ਕੇ ।

ਇਕ ਝਲਕ ਪਾਕੇ ਹੀ ਮੈਂ ਜਾਵਾਂਗਾ ਤੇਰੇ ਦੁਆਰ ਤੋਂ,
ਬਿਨ ਤੇਰੇ ਦੀਦਾਰ ਨਹੀਂ ਮੁੜਣਾਂ ਇਹ ਆਇਆਂ ਠਾਣ ਕੇ।।

ਆਵੀ ਜਾ ਹੁਣ ਤੇ ਉਡੀਕਾਂ ਦੀ ਵੀ ਹੱਦ ਹੈ ਹੋ ਗਈ,
ਆਏਂਗਾ ਮਾਣਾਂਗੇ ਮੌਸਮ ਖ਼ੂਬ ਲੰਮੀਆਂ ਤਾਣ ਕੇ ।

ਤੂੰ ਹੁਸੀਂ ਇਤਨਾਂ ਹੈਂ ਕਿਸ ਦੇ ਨਾਲ ਮੈਂ ਤਸ਼ਬੀਹ ਦਿਆ,
ਤੇਰੇ ਵਰਗਾ ਕੌਣ ਹੈ ਆਇਆ ਹਾਂ ਦੁਨੀਆਂ ਛਾਣ ਕੇ ।।

ਹਿਜਰ ਤੇਰੇ ਵਿਚ ਮੇਰੀ ਹਾਲਤ ਤਰਸ ਦੇ ਯੋਗ ਹੈ,
ਲੰਘ ਜਾਂਦੇ ਲੋਕ ਮੈਨੂੰ ਵੇਖ ਨ ਪਹਿਚਾਣ ਕੇ ।

ਕਰ ਲਿਆ "ਅਮਰੀਕ" ਨੇ ਪੱਕਾ ਇਰਾਦਾ ਸੋਹਣਿਆਂ!
ਏਸ ਜਗ ਤੋਂ ਸੰਗ ਤੇਰੇ ਜਾਵਾਂਗਾ ਰਲੀਆਂ ਮਾਣ ਕੇ ।।



Sri Satguru Jagjit Singh Ji eLibrary NamdhariElibrary@gmail.com

# "ਜੂਨ ਅਸਾਡੀ"

ਕੈਸੀ ਹੈ ਇਹ ਜੂਨ ਅਸਾਡੀ,
ਹਰ ਪਾਸੇ ਤੋਂ ਰਹੇ ਹਾਂ ਫਾਡੀ ।

ਮਹਿਰਮ ਦਿਲ ਦਾ ਕੋਣ ਹੈ ਦੱਸੋ,
ਭਾਲ ਅਸਾਂ ਹੈ ਕੀਤੀ ਡਾਢੀ ।

ਗ਼ਰਜ਼ਾਂ ਖ਼ਾਤਰ ਟਪਦੇ ਵੇਖੇ.
ਮਾਨਵਤਾ ਦੀ ਡੂੰਘੀ ਖਾਡੀ ।

ਹਮਦਰਦੀ ਕਿਤੇ ਨਜ਼ਰ ਨ ਆਈ,
ਮਾਰੀ ਨਜ਼ਰ ਹੈ ਦੂਰ ਦੁਰਾਡੀ ।

ਜੋ ਆਇਆ ਉਸ ਰੱਜ ਕੇ ਕੀਤੀ,
ਸਾਡੀਆਂ ਅਸ਼ਾਵਾਂ ਦੀ ਵਾਢੀ ।

ਜੇ ਸੱਜਣ ਸੰਗ ਮੇਲ ਨ ਹੁੰਦਾ,
ਨਿਹਫਲ ਸੀ "ਅਮਰੀਕ" ਦੀ ਨ ਬਾਡੀ ।



Sri Satguru Jagjit Singh Ji eLibrary NamdhariElibrary@gmail.com

# "ਕਿਓਂ ਹੈ ਬੂਹਾ ਢੋਇਆ"

ਸਾਰਾ ਜਗ ਨਾਰਾਜ਼ ਹੈ ਹੋਇਆ,
ਤੂੰ ਵੀ ਕਿਓਂ ਹੈ ਬੂਹਾ ਢੋਇਆ ।

ਸੱਚੀ ਗੱਲ ਜਦੋਂ ਕੋਈ ਕਹਿੰਦੈ,
ਹੋ ਜਾਂਦੈ ਜਗ ਲਾਖਾ ਲੋਹਿਆ ।

ਲੋਕ ਤਾਂ ਮੇਰੇ ਨੁਕਸ ਹੀ ਲੱਭਦੇ,
ਤੂੰ ਮੇਰਾ ਹਰ ਦੋਸ਼ ਲਕੋਇਆ ।

ਸਾਡੇ ਪਿਆਰ ਦੇ ਵਿਚ ਜ਼ਮਾਨੇ,
ਤਿੱਖਾ ਸੂਆ ਇਕ ਚੁਭੋਇਆ ।

ਕਿਸੇ ਦੀ ਮੈਂ ਪਰਵਾਹ ਨਹੀਂ ਕੀਤੀ,
ਜਿੱਤ ਦਾ ਨਾਦ ਸਦਾ ਮੈਂ ਛੋਹਿਆ ।

ਦੁਨੀਆ ਕਹੇ ਵਡੇਰਾ ਹੋਇਐ,
ਮੇਰਾ ਮੱਚ ਅਜੇ ਨਹੀਂ ਮੋਇਆ ।

ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ,
ਕੈਸਾ ਇਹ ਗੁਲਦਸਤਾ ਸੋਹਿਆ ।

ਤੁਧ ਬਿਨ ਚੰਗਾ ਕੋਈ ਨ ਲੱਗਾ,
ਐਸਾ ਤੂੰ "ਅਮਰੀਕ" ਨੂੰ ਮੋਹਿਆ ।।



Sri Satguru Jagjit Singh Ji eLibrary NamdhariElibrary@gmail.com

# "ਸੀਨਾ ਚੀਰ ਵਖਾਈਏ"

ਕਿਸ ਨੂੰ ਅਪਣਾਂ ਹਾਲ ਸੁਨਾਈਏ ।
ਕਿਸ ਨੂੰ ਸੀਨਾ ਚੀਰ ਵਖਾਈਏ ।।

ਪਰੇ ਪਰੇ ਸਭ ਕਹਿੰਦੇ ਰਹਿੰਦੇ,
ਕਿਸ ਨੂੰ ਧਾ-ਗਲਵਕੜੀ ਪਾਈਏ।

ਮਨਾਂ ਚ' ਉੱਸਰੀਆਂ ਉੱਚੀਆਂ ਕੰਧਾਂ,
ਤੂੰ ਹੀ ਦੱਸ ਕਿਵੇਂ ਹੁਣ ਢਾਈਏ ।।

ਸੱਜਣ ਦੀ ਜੋ ਬਾਤ ਸੁਨਾਵੇ,
ਸੌ ਸੌ ਵਾਰ ਸਦਕੜੇ ਜਾਈਏ ।

ਰੱਬ ਰੁੱਸਦੈ ਸੌ ਵਾਰੀ ਰੁੱਸ ਜੈ,
ਰੁੱਸਿਐ ਯਾਰ ਜ਼ਰੂਰ ਮਨਾਈਏ ।।

ਜਿਸ ਦੇ ਬਿਨਾਂ ਗੁਜ਼ਾਰਾਂ ਹੀ ਨਹੀਂ,
ਉਸ ਨੂੰ ਕਿਓਂ ਫਿਰ ਦਿਲੋਂ ਭੁਲਾਈਏ।

ਚਲ "ਅਮਰੀਕ" ਸੱਜਣ ਦੇ ਕੋਲੋਂ,
ਹੋਈਆਂ ਭੁੱਲਾਂ ਮਾਫ਼ ਕਰਾਈਏ ।।



Sri Satguru Jagjit Singh Ji eLibrary NamdhariElibrary@gmail.com

# "ਪੜੀ ਪੰਚਾਇਤ"

ਵੇਖੀ ਅਜ ਦੀ ਪੜੀ ਪੰਚਾਇਤ,
ਬੰਦਾ ਵੇਖ ਕੇ ਕਰਨ ਰਿਆਇਤ ।

ਫੜ ਕੇ ਹੱਥ ਨਿਆਂ ਦੀ ਤਕੜੀ,
ਠੂੰਗਾ ਮਾਰ ਕੇ ਕਰਨ ਹਮਾਇਤ ।।

ਤਗੜੇ ਤੋਂ ਤਾਂ ਥਰ ਥਰ ਕੰਬਦੇ,
ਮਾੜੇ ਦੀ ਨ ਸੁਣਨ ਸ਼ਕਾਇਤ ।

ਪੰਜ ਸਤ ਵਿਹਲੜ ਰਲ ਬੈਠੇ ਨੇ,
ਰਚ ਲੀਤੀ ਏ ਖੜ ਪੰਚਾਇਤ ।।

ਖੜ ਪੰਚਾਂ ਪਿੰਡ ਖੇਹ ਬਨਾਏ,
ਬਹੁਤ ਪੁਰਾਣੀ ਸੁਣੀ ਹਕਾਇਤ ।

ਆਪਣਿਆਂ ਨੂੰ ਜ਼ੋਹਫ਼ ਨ ਅਪੜੇ,
ਇਕ ਦੂਜੇ ਨੂੰ ਕਰਨ ਹਦਾਇਤ ।।

ਪੱਖ-ਵਾਦੀ ਨਿਤ ਕਰਨ ਫ਼ੈਸਲੇ,
ਆਖਣ ਹੈ ਕੁਰਆਨ ਦੀ ਆਇਤ ।

ਮੰਗ "ਅਮਰੀਕ" ਪੰਚਾਤੋਂ ਮਾਫ਼ੀ,
ਇਹਨਾਂ ਕਰਨੀ ਨਹੀਂ ਇਨਾਇਤ ।।



Sri Satguru Jagjit Singh Ji eLibrary NamdhariElibrary@gmail.com

# "ਜ਼ਿੰਦਗੀ ਉਹ ਸਫਲ"

ਜ਼ਿੰਦਗੀ ਉਹ ਸਫ਼ਲ ਸਮਝੀ ਜਾਏਗੀ,
ਜੋ ਕਿਸੇ ਇਨਸਾਨ ਦੇ ਕੰਮ ਆਏਗੀ ।

ਆਓ ਉਸ ਨੂੰ ਦਾਦ ਦਈਏ ਰੱਜ ਕੇ,
ਪਤਝੜਾਂ ਵਿਚ ਜੋ ਕਲੀ ਮੁਸਕਾਏਗੀ ।।

ਜੋ ਘਟਾ ਛਾਈ ਹੈ ਪਰ ਵੱਸਦੀ ਨਹੀਂ,
ਪਿਆਸ ਧਰਤੀ ਦੀ ਕਿਵੇਂ ਬੁੱਝ ਪਾਏਗੀ ।

ਇਕ ਨਦੀ ਡੂੰਘੀ ਹੈ ਪਰ ਪਾਣੀ ਬਿਨਾਂ,
ਉਹ ਨਦੀ ਤਾਂ ਖਾਈ ਹੀ ਕਹਿਲਾਏਗੀ ।।

ਹੈ "ਹੁਸੀ" ਐਪਰ ਵਫ਼ਾ ਤੋਂ ਰਹਿਤ ਹੈ,
ਉਹ "ਹੁਸੀਨਾਂ" ਆਖ਼ਰਸ਼ ਪਛਤਾਏਗੀ ।

ਫੁੱਲ ਬੜਾ ਸੋਹਣਾਂ ਹੈ ਪਰ ਖ਼ੁਸ਼ਬੂ ਨਹੀਂ,
ਮੁੱਲ ਕੀਹ "ਅਮਰੀਕ" ਦੁਨੀਆਂ ਪਾਏਗੀ ।।



Sri Satguru Jagjit Singh Ji eLibrary NamdhariElibrary@gmail.com

# "ਅਸੀਂ ਹੁਣ ਕੀ ਕਰੀਏ"

ਸੱਜਣ ਹੈ ਨਾਰਾਜ਼ ਅਸੀਂ ਹੁਣ ਕੀ ਕਰੀਏ ?
ਨਹੀਂ ਸੁਣਦਾ ਆਵਾਜ਼ ਅਸੀਂ ਹੁਣ ਕੀ ਕਰੀਏ ?

ਉਸ ਦੀ ਹਰ ਗਲ ਸਾਰੇ ਜੱਗ ਤੋਂ ਨਿਆਰੀ ਏ,
ਦੱਸੇ ਨ ਦਿਲ ਦਾ ਰਾਜ਼ ਅਸੀਂ ਹੁਣ ਕੀ ਕਰੀਏ ।

ਜਦ ਬੋਲੇ ਤਾਂ ਮੂਹੋਂ ਹਰਦਮ ਮਾਖਿਓਂ ਚੋਂਦਾ ਏ,
ਬੜਾ ਹੈ ਉਸ ਤੇ ਨਾਜ਼ ਅਸੀਂ ਹੁਣ ਕੀ ਕਰੀਏ ।।

ਉਸ ਦੀਆਂ ਸਿਫ਼ਤਾਂ ਕਰ ਕਰ ਜੀਵਨ ਬੀਤ ਗਿਆ,
ਮਸਾਂ ਹੋਇਆ ਆਗ਼ਾਜ਼ ਅਸੀਂ ਹੁਣ ਕੀ ਕਰੀਏ ।

ਇਹ ਆਕਾਸ਼ ਵਿਸ਼ਾਲ ਵੀ ਸੌੜਾ ਲਗਦਾ ਏ,
ਕਰਦੈ ਜਾਂ ਪਰਵਾਜ਼ ਅਸੀਂ ਹੁਣ ਕੀ ਕਰੀਏ ।

ਰੂਸਿਐ ਪਰ ਅਮਰੀਕ ਤੇ ਰਹਿੰਦੀ ਨਜ਼ਰ ਸਵੱਲੀ ਏ,
ਕੈਸਾ ਹੈ ਅੰਦਾਜ਼ ਅਸੀਂ ਹੁਣ ਕੀ ਕਰੀਏ ।।



Sri Satguru Jagjit Singh Ji eLibrary NamdhariElibrary@gmail.com

# "ਜਿਹੜਾ ਫੁਲ ਮੁਸਕਾਂਦਾ ਏ"

ਕੰਡਿਆਂ ਦੇ ਵਿਚ ਰਹਿਕੇ ਜਿਹੜਾ ਫੁਲ ਮੁਸਕਾਂਦਾ ਏ,
ਦੁਨੀਆਂ ਦੇ ਵਿਚ ਉਹ ਹੀ ਫੁਲ ਤਾਂ ਕਦਰਾਂ ਪਾਂਦਾ ਏ ।

ਹਵਾ ਨਾਲ ਹੀ ਹਿੱਲ ਕੇ ਜਿਸ ਦੀਆਂ ਪਤੀਆਂ ਕਿਰ ਜਾਵਨ,
ਠੰਢੀ ਰੁੱਤੇ ਵੀ ਉਹ ਫੁਲ ਤਾਂ ਝਟ ਮੁਰਝਾਂਦਾ ਏ ।।

ਕੰਢਿਆਂ ਤੇ ਬਹਿ ਜਿਹੜਾ ਕੇਵਲ ਲਹਿਰਾਂ ਗਿਣਦਾ ਏ,
ਪਾਰ ਕਦੇ ਨਹੀਂ ਲਗਦਾ ਝੁਰਦਾ ਤੇ ਪਛਤਾਂਦਾ ਏ ।

ਵਿਚ ਮੈਦਾਨੇ ਜੰਗ ਦੇ ਜਿਹੜਾ ਕਦੇ ਉਤਰਿਆ ਨਹੀਂ,
ਭੀੜ ਬਣੇ ਤਾਂ ਉਹ ਬੰਦਾ ਬੱਸ ਹਾਰ ਹੀ ਖਾਂਦਾ ਏ ।।

ਉਸ ਨੂੰ ਸੱਚਾ ਆਸ਼ਿਕ ਜੱਗ ਵਿਚ ਕੋਈ ਨ ਕਹਿੰਦਾ ਏ,
ਸ਼ਮਾ ਜਾਣ ਕੇ ਸੱਜਣ ਨੂੰ ਜੋ ਸੜ ਨ ਜਾਂਦਾ ਏ ।

ਕੰਚਨ ਕਦੇ ਮਨੂਰੋਂ ਉਹ ਤਾਂ ਬਣ ਹੀ ਨਹੀਂ ਸਕਦਾ,
ਜੋ "ਅਮਰੀਕ" ਦੇ ਵਾਂਗ ਨ ਅਪਣਾਂ ਅਪ ਜਲਾਂਦਾ ਏ ।।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

## ਲੇਖਕ ਦੀ ਕਲਮ ਤੋਂ :

੧. ਪਹਿਲਾ ਉਭਾਰ (ਕਵਿਤਾ ਸੰਪਾਦਨ)

੨. ਪੰਖੜੀਆਂ (ਕਵਿਤਾ)

੩. ਗ਼ਮ ਦੀ ਮਹਿਕ (ਗ਼ਜ਼ਲਾਂ)

੪. ਦਰਦ ਦਾ ਅਹਿਸਾਸ (ਏਜ਼ਲ-ਸੰਗ੍ਰਹਿ)

੫. ਮਿੱਠੀਆਂ ਮਿਰਚਾਂ (ਵਿਅੰਗ ਕਾਵਿ)

੬. ਸੱਚੀ ਤੇਰੀ ਸਿਫ਼ਤ (ਗੀਤ)

੭. ਜਿਨ ਮਾਰਗ ਦੀਆ ਬਤਾਇ (ਮਹਾਂਕਾਵਿ)

੮. ਗੁਰ ਗੀਤਾਂਜਲੀ

੯. ਸ਼ੇਅਰਾਂ ਦਾ ਸ਼ੀਰਾਜ਼ਾ

੧੦. ਦੋਹੋਂ ਕੇ ਜਾਮ ਨੇਤਾਓਂ ਕੇ ਨਾਮ (ਹਿੰਦੀ)

੧੧. ਖਟ ਮਿਠੀਆਂ ਮੁਸਕਾਨਾਂ

੧੨. ਬਹਾਰੇ ਗ਼ਜ਼ਲ (ਉਰਦੂ) ਪ੍ਰੈਸ ਵਿਚ

੧੩. ਬਹਾਰੇ ਗ਼ਜ਼ਲ (ਹਿੰਦੀ)

੧੪. ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ

Sri Satguru Jagjit Singh Ji eLibrary NamdhariElibrary@gmail.com

## ਆਪਣੀ ਜਾਣ ਪਛਾਣ

**ਮਾਸਟਰ ਅਮਰੀਕ ਸਿੰਘ**

ਪਿਤਾ - ਸੰਤ ਕਰਤਾਰ ਸਿੰਘ ਜੀ
ਮਾਤਾ - ਸ਼੍ਰੀਮਤੀ ਲਾਭ ਕੌਰ ਜੀ
ਪਤਨੀ - ਸ਼੍ਰੀਮਤੀ ਮਹਿੰਦਰ ਕੌਰ
ਜਨਮ - ਲਾਲੇਪੁਰ, ਜਿਲ੍ਹਾ ਗੁਜਰਾਂ ਵਾਲਾ (ਪਾਕਿਸਤਾਨ)
ਜਨਮ ਤਿਥੀ - ੧੯੩੦
ਵਿਦਿਆ - ਮੈਟ੍ਰਿਕ, ਗਿਆਨੀ
ਨਿਵਾਸ - ੫੦ ਸਾਲ ਅੰਮ੍ਰਿਤਸਰ ਕਲਾਂ
ਅਜਕਲ - ਨਵਾਂ ਲਾਲੇਪੁਰ, ਬਾਈਪਾਸ, ਐਲਨਾਬਾਦ (ਸਿਰਸਾ)
ਕਿੱਤਾ - ਅਧਿਆਪਣ
ਜਿੰਨਾਂ ਪਦਵੀਆਂ ਤੇ ਕੰਮ ਕੀਤਾ -
ਅਧਿਆਪਨ ਸ਼੍ਰੀ ਗੁਰੂ ਹਰਿ ਸਿੰਘ ਮਹਾਵਿਦਿਆਲਾ, ਸ਼੍ਰੀ ਜੀਵਨ ਨਗਰ
ਹੈਡ ਮਾਸਟਰ, ਸ਼੍ਰੀ ਗੁਰੂ ਹਰੀ ਸਿੰਘ ਸਿਮਾਤੀ ਵਿਦਿਆਲਾ, ਅੰਮ੍ਰਿਤਸਰ
ਮੈਨੇਜਰ, ਸ਼੍ਰੀ ਗੁਰੂ ਹਰੀ ਸਿੰਘ ਐਜੂਕੇਸ਼ਨ ਟਰਸਟ, ਸ਼੍ਰੀ ਜੀਵਨ ਨਗਰ
ਮੈਨੇਜਰ, ਅਨੂਪਮ ਪਬਲਿਕ ਸਕੂਲ, ਐਲਨਾਬਾਦ (੧੯੯੯-੨੦੦੯)
ਸਰਪ੍ਰਸਤ - ਨਾਮਧਾਰੀ ਪੰਜਾਬੀ ਸਾਹਿਤ ਸਭਾ, ਸ਼੍ਰੀ ਜੀਵਨ ਨਗਰ
ਐਵਾਰਡ - ਸੰਤ ਤਰਨ ਸਿੰਘ ਵਹਿਮੀ ਐਵਾਰਡ ਸਾਹਿਤ ਅਕਾਦਮੀ ਹਰਿਆਣਾ ਸਰਕਾਰ ਵੱਲੋਂ, ਸਾਹਿਤ ਸਭਾ ਕੈਥਲ ਵੱਲੋਂ ਸਨਮਾਨਿਤ (੨੦੦੮)

### : ਸਮਰਪਨ :

ਉਨ੍ਹਾਂ ਸੱਜਣਾਂ ਦੇ ਨਾਂ,
ਜਿੰਨ੍ਹਾਂ ਨਾਲ ਕੀਤੀਆਂ ਦਿਲ ਦੀਆਂ
ਗੱਲਾਂ ਗ਼ਜ਼ਲਾਂ ਬਣ ਗਈਆਂ

Sri Satguru Jagjit Singh Ji eLibrary NamdhariElibrary@gmail.com



ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ,
ਬਿਰਹਾ ਦੀ ਕੁੱਖੋਂ ਜੋ ਜਣੀਆਂ ।

ਕੀਹ ਇਹਨਾਂ ਦੀ ਸਿਫ਼ਤ ਸੁਣਾਈਏ,
ਕਿੰਨੀਆਂ ਵੇਖੋ ਬਣੀਆਂ ਠਣੀਆਂ ।।

ਦੇ ਰਹੀਆਂ ਨੇ ਪ੍ਰੀਤ ਸੁਨੇਹੇ,
ਕਰਨ ਅਦਾਵਾਂ ਵੰਨ ਸੁਵੰਨੀਆਂ ।

ਲਫ਼ਜ਼ ਇਹਨਾਂ ਦੇ ਹੀਰੇ ਮੋਤੀ,
ਸਤਰਾਂ ਸੋਨੇ ਤਾਰਾਂ ਤਣੀਆਂ ।।

ਮਨ ਸਾਗਰ ਤੋਂ ਉੱਠੀਆਂ ਲਹਿਰਾਂ,
ਜੋ ਜਾਵਾਨ ਨ ਕਦੇ ਵੀ ਗਣੀਆਂ ।

ਨਾਲ "ਅਮਰੀਕ" ਦੇ ਰਲ ਕੇ ਗਾਈਏ,
ਠੰਢੀਆਂ ਠੰਢੀਆਂ ਪੈਣ ਜਾਂ ਕਣੀਆਂ ।।

ਮਾਸਟਰ ਅਮਰੀਕ ਸਿੰਘ

Sri Satguru Jagjit Singh Ji eLibrary NamdhariElibrary@gmail.com